## ਮਾਰਕਸ ਏਂਗਲਜ਼ ਲੈਨਿਨ

# ਸੁਤੰਤਰ ਵਪਾਰ ਦਾ ਸਵਾਲ

ਮਾਰਕਸ ਏਂਗਲਜ਼ ਲੈਨਿਨ

# ਸੁਤੰਤਰ ਵਪਾਰ ਦਾ ਸਵਾਲ

---


| | | |
|---|---|---|
| ਪਹਿਲੀ ਵਾਰ | : | ਦਸੰਬਰ, 2003 |
| ਲੇਜ਼ਰ ਵਰਕ | : | ਕੇਸਰ ਸਿੰਘ, ਫੈਕ ਕੰਪਿਊਟਰਜ਼,<br>1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ<br>ਫੋਨ : 2239181, 98140-87063 |
| ਪ੍ਰਿੰਟਰਜ਼ | : | ਛਾਬੜਾ ਕੰਪੋਜਿੰਗ ਹਾਊਸ, ਜਲੰਧਰ। |
| ਪੁਸਤਕ ਪ੍ਰਾਪਤੀ | : | ਡਾ. ਹਰਦੀਪ ਸਿੰਘ, ਸਾਹਮਣੇ ਪਟਰੌਲ ਪੰਪ, ਦਾਦ<br>ਪੱਖੋਵਾਲ ਰੋਡ, ਲੁਧਿਆਣਾ<br>ਫੋਨ : 0161-2807127 |
| ਕੀਮਤ | : | 10 ਰੁਪਏ |

---

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ

ਲੁਧਿਆਣਾ (ਪੰਜਾਬੀ ਵਿਭਾਗ ਰਾਹੁਲ ਫਾਊਂਡੇਸ਼ਨ, ਲਖਨਊ)

# ਸੁਰੱਖਿਆ ਅਤੇ ਸੁਤੰਤਰ ਵਪਾਰ

-ਫਰੈਡਰਿੱਕ ਏਂਗਲਜ਼

## ਸੁਤੰਤਰ ਵਪਾਰ ਦੇ ਸਵਾਲ 'ਤੇ ਕਾਰਲ ਮਾਰਕਸ ਦੀ ਤਕਰੀਰ-ਪੈਂਫਲਟ ਦੀ ਭੂਮਿਕਾ[1]

1847 ਦੇ ਅੰਤ ਵਿੱਚ ਬਰਸੇਲਜ਼ ਵਿਖੇ ਇੱਕ ਵੱਖਰੀ ਕਾਂਗਰਸ ਆਯੋਜਿਤ ਕੀਤੀ ਗਈ। ਉਸ ਸਮੇਂ ਅੰਗਰੇਜ਼ ਸਨਅਤਕਾਰਾਂ ਦੁਆਰਾ ਚਲਾਈ ਜਾ ਰਹੀ ਸੁਤੰਤਰ ਵਪਾਰ ਮੁਹਿਮ ਵਿੱਚ ਇਹ ਇੱਕ ਯੁੱਧਨੀਤਕ ਮੋੜ ਸੀ। 1846 ਦੇ ਅਨਾਜ ਕਨੂੰਨਾਂ ਦੀ ਮਨਸੁਖੀ[2] ਤੋਂ ਬਾਅਦ ਦੇਸ਼ ਅੰਦਰ ਜੇਤੂ ਹੋ ਕੇ ਮਹਾਂਦੀਪੀ ਅਨਾਜ ਦੀ ਇੰਗਲੈਂਡ ਅੰਦਰ ਖੁੱਲ੍ਹੀ ਆਮਦ ਦੇ ਬਦਲੇ ਵਿਚ, ਮਹਾਂਦੀਪੀ ਮੰਡੀਆਂ ਵਿੱਚ ਅੰਗਰੇਜ਼ੀ ਸਨਅਤੀ ਮਾਲ ਦੇ ਬੇਰੋਕ-ਟੋਕ ਦਾਖਲੇ ਦੀ ਮੰਗ ਕਰਨ ਲਈ ਉਹਨਾਂ ਨੇ ਮਹਾਂਦੀਪ ਉੱਤੇ ਚੜ੍ਹਾਈ ਕਰ ਦਿੱਤੀ। ਇਸ ਕਾਂਗਰਸ ਵਿਚ ਬੁਲਾਰਿਆਂ ਦੀ ਸੂਚੀ ਵਿੱਚ ਮਾਰਕਸ ਦਾ ਨਾਂ ਵੀ ਸ਼ਾਮਿਲ ਸੀ, ਪ੍ਰੰਤੂ ਜਿਵੇਂ ਕਿ ਆਸ ਕੀਤੀ ਜਾਣੀ ਚਾਹੀਦੀ ਸੀ, ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ ਕਿ ਉਸ ਦੀ ਵਾਰੀ ਆਉਣ ਤੋਂ ਪਹਿਲਾਂ ਹੀ ਕਾਂਗਰਸ ਖਤਮ ਕਰ ਦਿੱਤੀ ਗਈ। ਇਸ ਤਰ੍ਹਾਂ ਮਾਰਕਸ ਨੇ ਸੁਤੰਤਰ ਵਪਾਰ ਦੇ ਸਵਾਲ ਉੱਪਰ ਜੋ ਕੁਝ ਕਹਿਣਾ ਸੀ, ਉਹ ਉਸ ਨੂੰ ਇੱਕ ਅੰਤਰਰਾਸ਼ਟਰੀ ਸੰਸਥਾ 'ਬਰਸੇਲਜ਼ ਦੀ ਜ਼ਮਹੂਰੀ ਸਭਾ', ਜਿਸ ਦਾ ਉਹ ਮੀਤ ਪ੍ਰਧਾਨ ਸੀ, ਮੂਹਰੇ ਕਹਿਣ ਲਈ ਮਜਬੂਰ ਹੋਣਾ ਪਿਆ।

ਅੱਜ ਜਦੋਂ ਸੁਰੱਖਿਆ ਜਾਂ ਸੁਤੰਤਰ ਵਪਾਰ ਦਾ ਸਵਾਲ ਅਮਰੀਕਾ ਵਿੱਚ ਇੱਕ ਰਿਵਾਜ ਬਣ ਗਿਆ ਹੈ ਤਾਂ ਇਹ ਉਪਯੋਗੀ ਸਮਝਿਆ ਗਿਆ ਕਿ ਮਾਰਕਸ ਦੇ ਭਾਸ਼ਣ ਦਾ ਅੰਗਰੇਜ਼ੀ ਤਰਜ਼ਮਾ ਪ੍ਰਕਾਸ਼ਿਤ ਕੀਤਾ ਜਾਵੇ, ਜਿਸ ਦਾ ਮੈਨੂੰ ਮੁੱਖਬੰਧ ਲਿਖਣ ਲਈ ਕਿਹਾ ਗਿਆ ਹੈ।

ਮਾਰਕਸ ਕਹਿੰਦਾ ਹੈ, "ਸੁਰੱਖਿਆ ਦੀ ਪ੍ਰਣਾਲੀ ਸਨਅਤਕਾਰਾਂ ਨੂੰ ਪੈਦਾ ਕਰਨ ਦਾ, ਸੁਤੰਤਰ ਕਿਰਤੀਆਂ ਦਾ ਸਭ ਕੁਝ ਖੋਹ ਲੈਣ ਦਾ, ਪੈਦਾਵਾਰ ਦੇ ਕੌਮੀ ਸਾਧਨਾਂ ਅਤੇ ਰੋਜ਼ੀ ਰੋਟੀ ਦੇ ਸਾਧਨਾਂ ਦੇ ਪੂੰਜੀਕਰਨ ਦਾ ਅਤੇ ਮੱਧ ਯੁਗੀਨ ਢੰਗਾਂ ਤੋਂ ਪੈਦਾਵਾਰ ਦੇ ਆਧੁਨਿਕ ਢੰਗਾਂ ਵੱਲ ਸੰਕਰਮਣ ਨੂੰ ਜ਼ਬਰਦਸਤੀ ਛੋਟਾ ਕਰਨ ਦਾ ਇੱਕ ਨਕਲੀ ਸਾਧਨ ਸੀ।" ਸਤਾਰ੍ਹਵੀਂ ਸਦੀ ਵਿੱਚ ਆਪਣੇ ਪੈਦਾ ਹੋਣ ਵੇਲੇ ਸੁਰੱਖਿਆ ਅਜਿਹੀ ਸੀ ਅਤੇ ਇਸੇ ਤਰ੍ਹਾਂ ਹੀ ਉੱਨ੍ਹੀਵੀਂ ਸਦੀ ਵਿੱਚ ਵੀ ਰਹੀ। ਇਹ ਤਦ ਪੱਛਮੀ ਯੂਰਪ ਦੇ ਹਰ ਸੱਭਿਅਕ ਰਾਜ ਦੀ ਆਮ ਨੀਤੀ ਵਜੋਂ ਜਾਰੀ ਰਹੀ। ਜਰਮਨੀ ਅਤੇ ਸਵਿਟਜ਼ਰਲੈਂਡ ਵਰਗੇ ਛੋਟੇ ਰਾਜ ਅਪਵਾਦ ਸਨ—ਇਸ ਪ੍ਰਣਾਲੀ ਨੂੰ ਨਾ ਪਸੰਦ ਕਰਨ ਕਰਕੇ ਨਹੀਂ, ਬਲਕਿ ਅਜਿਹੇ ਛੋਟੇ ਖੇਤਰਾਂ ਵਿੱਚ ਇਸ ਪ੍ਰਣਾਲੀ ਨੂੰ ਲਾਗੂ ਕਰ ਸਕਣਾ ਅਸੰਭਵ ਹੋਣ ਕਰਕੇ।

ਅਠਾਰ੍ਹਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ ਵਿੱਚ ਇੰਗਲੈਂਡ ਵਿੱਚ ਸੁਰੱਖਿਆ

ਦੇ ਵਿਕਾਸ ਵਿੱਚ ਸਹਾਈ ਹੋਣ ਵਾਲੇ ਛਤਰ ਹੇਠ ਆਧੁਨਿਕ ਸਨਅਤੀ ਪ੍ਰਣਾਲੀ-ਯਾਨੀ ਭਾਫ਼ ਨਾਲ ਚੱਲਣ ਵਾਲੀ ਮਸ਼ੀਨਰੀ ਨਾਲ ਪੈਦਾਵਾਰ-ਦਾ ਜਨਮ ਅਤੇ ਵਿਕਾਸ ਹੋਇਆ। ਜਿਵੇਂ ਕਿ ਚੂੰਗੀ ਸੁਰੱਖਿਆ ਨਾ ਕਾਫੀ ਸੀ ਤਾਂ ਫਰਾਂਸੀਸੀ ਇਨਕਲਾਬ ਵਿਰੋਧੀ ਜੰਗਾਂ ਨੇ ਇੰਗਲੈਂਡ ਦੀ ਨਵੇਂ ਸਨਅਤੀ ਢੰਗਾਂ ਉੱਪਰ ਇਜਾਰੇਦਾਰੀ ਨੂੰ ਬਚਾਈ ਰੱਖਣ ਵਿਚ ਮਦਦ ਕੀਤੀ। ਵੀਹ ਸਾਲਾਂ ਤੋਂ ਵੀ ਵੱਧ ਸਮੇਂ ਤੱਕ ਅੰਗਰੇਜ਼ ਜੰਗਜੂਆਂ ਨੇ ਇੰਗਲੈਂਡ ਦੇ ਸਨਅਤੀ ਵਿਰੋਧੀਆਂ ਨੂੰ ਉਹਨਾਂ ਦੀਆਂ ਆਪੋ ਆਪਣੀਆਂ ਬਸਤੀਵਾਦੀ ਮੰਡੀਆਂ ਤੋਂ ਅਲੱਗ ਥਲੱਗ ਕਰੀ ਰੱਖਿਆ, ਜਦ ਕਿ ਉਹਨਾਂ ਨੇ ਇਹਨਾਂ ਮੰਡੀਆਂ ਨੂੰ ਧੱਕੇ ਨਾਲ ਅੰਗਰੇਜ਼ੀ ਵਪਾਰ ਲਈ ਖੋਲ੍ਹ ਦਿੱਤਾ ਸੀ। ਦੱਖਣੀ ਅਮਰੀਕੀ ਬਸਤੀਆਂ ਵੱਲੋਂ ਆਪਣੀਆਂ ਯੂਰਪੀ ਮਾਤ ਭੂਮੀਆਂ ਦੇ ਸ਼ਾਸਨ ਨਾਲੋਂ ਤੋੜ ਵਿਛੋੜਾ, ਇੰਗਲੈਂਡ ਵੱਲੋਂ ਸਾਰੀਆਂ ਮਹੱਤਵਪੂਰਨ ਫਰਾਂਸੀਸੀ ਅਤੇ ਡੱਚ ਬਸਤੀਆਂ ਉੱਪਰ ਜਿੱਤ, ਭਾਰਤ ਦੀ ਅਗਾਂਹਵਧੂ ਅਧੀਨਗੀ ਆਦਿ ਨੇ ਇਹਨਾਂ ਅਥਾਹ ਖਿੱਤਿਆਂ ਦੇ ਲੋਕਾਂ ਨੂੰ ਅੰਗਰੇਜ਼ੀ ਵਸਤਾਂ ਦੇ ਗਾਹਕਾਂ ਵਿਚ ਤਬਦੀਲ ਕਰ ਦਿੱਤਾ। ਇੰਗਲੈਂਡ ਨੇ ਇਸ ਤਰ੍ਹਾਂ ਘਰ ਅਜ਼ਮਾਈ ਹੋਈ ਸੁਰੱਖਿਆ ਨੂੰ ਆਪਣੇ ਸੰਭਾਵਿਤ ਵਿਦੇਸ਼ੀ ਗ੍ਰਾਹਕਾਂ ਉੱਪਰ ਥੋਪੇ ਜਾਣ ਵਾਲੇ ਸੁਤੰਤਰ ਵਪਾਰ ਵਿਚ ਬਦਲ ਦਿੱਤਾ। 1815 ਵਿੱਚ ਜੰਗਾਂ ਦੇ ਅੰਤ ਵਿਚ (ਇਥੇ ਇਸ਼ਾਰਾ 1796-1814 ਦੀਆਂ ਨੈਪੋਲੀਅਨ ਦੀਆਂ ਜੰਗਾਂ ਵੱਲ ਹੈ-ਅਨੁਵਾਦਕ) ਤੇ ਇਹਨਾਂ ਦੋਹਾਂ ਪ੍ਰਣਾਲੀਆਂ ਦੇ ਸੁੱਖਦਾਈ ਮਿਸ਼ਰਣ ਨਾਲ ਸਨਅਤ ਦੀ ਹਰ ਮਹੱਤਵਪੂਰਨ ਸ਼ਾਖਾ ਨਾਲ ਸੰਬੰਧਿਤ ਇੰਗਲੈਂਡ ਨੇ ਸੰਸਾਰ ਵਪਾਰ ਤੇ ਸਚਮੁੱਚ ਦੀ ਇਜ਼ਾਰੇਦਾਰੀ ਹਾਸਿਲ ਕੀਤੀ।

ਸ਼ਾਂਤੀ ਦੇ ਆਉਣ ਵਾਲੇ ਸਾਲਾਂ ਵਿਚ ਇਹ ਇਜਾਰੇਦਾਰੀ ਹੋਰ ਮਜ਼ਬੂਤ ਹੋਈ ਅਤੇ ਅਗਾਂਹ ਵਧੀ। ਜੰਗ ਦੌਰਾਨ ਇੰਗਲੈਂਡ ਨੇ ਜੋ ਸ਼ੁਰੂਆਤ ਕੀਤੀ ਸੀ ਸਾਲ ਦਰ ਸਾਲ ਵਧਦੀ ਗਈ, ਆਪਣੇ ਸੰਭਾਵੀ ਵਿਰੋਧੀਆਂ ਨਾਲ ਵੀ ਉਸ ਦੀ ਦੂਰੀ ਹੋਰ ਵਧੇਰੇ ਵਧਦੀ ਜਾਪੀ। ਲਗਾਤਾਰ ਵਧ ਰਹੀ ਮਿਕਦਾਰ ਵਿੱਚ ਸਨਅਤੀ ਵਸਤਾਂ ਦਾ ਨਿਰਯਾਤ ਉਸ ਦੇਸ਼ ਲਈ ਸਚਮੁੱਚ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ। ਉਸ ਦੇ ਰਾਹ ਵਿੱਚ ਦੋ ਰੁਕਾਵਟਾਂ ਦਿਖਾਈ ਦਿੰਦੀਆਂ ਸਨ—ਦੂਸਰੇ ਦੇਸ਼ਾਂ ਦੇ ਮਨਾਹੀ ਵਾਲੇ ਜਾਂ ਸੁਰੱਖਿਆਵਾਦੀ ਕਾਨੂੰਨ ਅਤੇ ਇੰਗਲੈਂਡ ਦੇ ਖਾਧ ਪਦਾਰਥਾਂ ਅਤੇ ਕੱਚੇ ਮਾਲਾਂ ਉੱਪਰ ਆਯਾਤ ਟੈਕਸ।

ਹੁਣ ਕਲਾਸੀਕਲ ਰਾਜਨੀਤਕ ਅਰਥ-ਸ਼ਾਸਤਰ ਦੇ—ਫਰਾਂਸੀਸੀ ਫਿਜ਼ੀਉਕਰੇਟਾਂ ਅਤੇ ਉਹਨਾਂ ਦੇ ਅੰਗਰੇਜ਼ ਵਾਰਿਸਾਂ ਦੇ ਸੁਤੰਤਰ ਵਪਾਰ ਦੇ ਸਿਧਾਂਤ ਜੋਹਨਬੁਲ ਦੀ ਧਰਤੀ ਉੱਪਰ ਹਰਮਨ ਪਿਆਰੇ ਹੋ ਗਏ। ਦੇਸ਼ ਅੰਦਰ ਸੁਰੱਖਿਆ ਉਹਨਾਂ ਸਨਅਤਕਾਰਾਂ ਲਈ ਬੇਲੋੜੀ ਹੋ ਗਈ ਜਿਹਨਾਂ ਨੇ ਆਪਣੇ ਸਾਰੇ ਵਿਦੇਸ਼ੀ ਵਿਰੋਧੀਆਂ ਨੂੰ ਹਰਾ ਦਿੱਤਾ ਸੀ ਅਤੇ ਜਿਹਨਾਂ ਦੀ ਹੋਂਦ ਨਿਰਯਾਤਾਂ ਦੇ ਲਗਾਤਾਰ ਵਾਧੇ ਉੱਪਰ ਟਿਕੀ ਹੋਈ ਸੀ। ਦੇਸ਼ ਅੰਦਰ ਖਾਧ ਪਦਾਰਥ ਅਤੇ ਹੋਰ ਕੱਚੇ ਮਾਲ ਪੈਦਾ ਕਰਨ ਵਾਲਿਆਂ, ਖੇਤੀ ਹਿੱਤਾਂ, ਜਿਸ ਦਾ ਉਸ ਸਮੇਂ ਦੇ ਇੰਗਲੈਂਡ ਦੀਆਂ ਹਾਲਤਾਂ ਅੰਦਰ ਮਤਲਬ ਲਗਾਨ ਵਸੂਲ ਕਰਨ ਵਾਲੀ ਭੋਂ-ਕੁਲੀਨ ਸ਼ਾਹੀ ਦੇ ਹਿੱਤ ਸਨ, ਤੋਂ ਬਿਨਾਂ ਸੁਰੱਖਿਆ ਕਿਸੇ ਲਈ ਵੀ ਲਾਹੇਵੰਦ ਨਾ ਰਹੀ। ਇਸ ਤਰ੍ਹਾਂ ਦੀ ਸੁਰੱਖਿਆ ਸਨਅਤਕਾਰਾਂ ਲਈ ਨੁਕਸਾਨਦਾਇਕ ਸੀ। ਕੱਚੇ ਮਾਲਾਂ ਉੱਪਰ ਟੈਕਸ ਲਗਾ ਕੇ

ਇਹ ਸਨਅਤੀ ਪੈਦਾਵਾਰ ਦੀ ਕੀਮਤ ਵਧਾ ਦਿੰਦੀ ਸੀ, ਭੋਜਨ ਉੱਪਰ ਟੈਕਸ ਲਗਾ ਕੇ ਇਹ ਕਿਰਤ ਦੀ ਕੀਮਤ ਵਧਾ ਦਿੰਦੀ ਸੀ, ਦੋਹਾਂ ਤਰੀਕਿਆਂ ਨਾਲ ਵਿਦੇਸ਼ੀ ਸ਼ਰੀਕਾਂ ਦੀ ਤੁਲਨਾ ਵਿੱਚ ਬ੍ਰਿਟਿਸ਼ ਸਨਅਤਕਾਰਾਂ ਨੂੰ ਘਾਟੇ ਵਾਲੀ ਹਾਲਤ ਵਿੱਚ ਰੱਖਦੀ ਸੀ। ਜਿਵੇਂ ਕਿ ਹੋਰ ਸਾਰੇ ਦੇਸ਼ਾਂ ਨੇ ਇੰਗਲੈਂਡ ਨੂੰ ਮੁੱਖ ਤੌਰ 'ਤੇ ਖੇਤੀ ਵਸਤਾਂ ਭੇਜੀਆਂ ਅਤੇ ਇੰਗਲੈਂਡ ਤੋਂ ਮੁੱਖ ਤੌਰ 'ਤੇ ਉਦਯੋਗਿਕ ਵਸਤਾਂ ਹਾਸਲ ਕੀਤੀਆਂ, ਇੰਗਲੈਂਡ ਵੱਲੋਂ ਆਮ ਤੌਰ 'ਤੇ ਅਨਾਜ ਅਤੇ ਕੱਚੇ ਮਾਲ ਤੋਂ ਸੁਰੱਖਿਆ ਕਰ ਹਟਾਏ ਜਾਣਾ, ਉਸੇ ਹੀ ਸਮੇਂ ਦੂਸਰੇ ਦੇਸ਼ਾਂ ਨੂੰ ਅਪੀਲ ਵੀ ਸੀ ਕਿ ਉਹ ਵੀ ਬਦਲੇ ਵਿੱਚ ਇੰਗਲੈਂਡ ਦੇ ਉਦਯੋਗਿਕ ਮਾਲ ਉੱਪਰ ਲਾਇਆ ਜਾਣ ਵਾਲਾ ਕਰ ਜਾਂ ਤਾਂ ਖਤਮ ਕਰ ਦੇਣ ਜਾਂ ਘੱਟ-ਘੱਟ ਇਸ ਵਿੱਚ ਕਮੀ ਹੀ ਕਰ ਦੇਣ।

ਇੱਕ ਲੰਬੇ ਅਤੇ ਹਿੰਸਕ ਸੰਘਰਸ਼ ਤੋਂ ਬਾਅਦ, ਅੰਗਰੇਜ਼ ਕਾਰਖਾਨੇਦਾਰ, ਜੋ ਅਸਲ ਵਿੱਚ ਪਹਿਲਾਂ ਹੀ ਕੌਮ ਦੀ ਆਗੂ ਜਮਾਤ ਸੀ, ਉਹ ਜਮਾਤ ਜਿਸ ਦੇ ਹਿੱਤ ਉਦੋਂ ਮੁੱਖ ਰੂਪ ਵਿੱਚ ਕੌਮ ਦੇ ਹਿੱਤ ਸਨ, ਜੇਤੂ ਹੋ ਨਿਕਲੇ। ਭੋਂ ਕੁਲੀਨਸ਼ਾਹੀ ਨੂੰ ਲਾਂਭੇ ਹੋਣਾ ਪਿਆ। ਅਨਾਜ ਅਤੇ ਹੋਰ ਕੱਚੇ ਮਾਲਾਂ ਉੱਪਰੋਂ ਕਰ ਹਟਾ ਦਿੱਤੇ ਗਏ। ਸੁਤੰਤਰ ਵਪਾਰ ਉਹਨਾਂ ਦਿਨਾਂ ਦਾ ਨਾਹਰਾ ਬਣ ਗਿਆ। ਦੂਸਰੇ ਦੇਸ਼ਾਂ ਨੂੰ ਸੁਤੰਤਰ ਵਪਾਰ ਦੇ ਵਿਸ਼ਵਾਸ ਅਨੁਸਾਰ ਢਾਲਣਾ ਅਤੇ ਇਸ ਤਰ੍ਹਾਂ ਇੱਕ ਅਜਿਹੇ ਸੰਸਾਰ ਦਾ ਨਿਰਮਾਣ ਕਰਨਾ ਜਿਸ ਵਿੱਚ ਇੰਗਲੈਂਡ ਇੱਕ ਮਹਾਨ ਉਦਯੋਗਿਕ ਕੇਂਦਰ ਹੋਵੇ ਅਤੇ ਦੂਸਰੇ ਦੇਸ਼ ਇਸ ਉੱਪਰ ਨਿਰਭਰ ਖੇਤੀਬਾੜੀ ਦੇ ਖਿੱਤੇ ਹੋਣ, ਇਹ ਅੰਗਰੇਜ਼ ਉਦਯੋਗਪਤੀਆਂ ਅਤੇ ਉਹਨਾਂ ਦੇ ਬੁਲਾਰੇ ਰਾਜਨੀਤਕ ਅਰਥਸ਼ਾਸਤਰੀਆਂ ਸਾਹਮਣੇ ਅਗਲਾ ਕਾਰਜ ਸੀ।

ਉਹ ਇਹ ਸਮਾਂ ਸੀ ਬਰਸੇਲਜ਼ ਕਾਂਗਰਸ ਦਾ, ਉਹ ਸਮਾਂ ਜਦੋਂ ਮਾਰਕਸ ਨੇ ਇਸ ਸਵਾਲ ਉੱਪਰ ਆਪਣਾ ਭਾਸ਼ਣ ਤਿਆਰ ਕੀਤਾ ਸੀ। ਇਹ ਗੱਲ ਪ੍ਰਵਾਨ ਕਰਦੇ ਹੋਏ ਕਿ ਸੁਰੱਖਿਆ ਅਜੇ ਵੀ, ਖਾਸ ਹਾਲਤਾਂ ਅਧੀਨ, ਉਦਾਹਰਣ ਵਜੋਂ 1847 ਦੇ ਜਰਮਨੀ ਵਿੱਚ, ਉਦਯੋਗਪਤੀਆਂ ਲਈ ਲਾਹੇਵੰਦ ਹੋ ਸਕਦੀ ਹੈ, ਇਹ ਸਾਬਤ ਕਰਦਿਆਂ ਕਿ ਸੁਤੰਤਰ ਵਪਾਰ, ਉਹਨਾਂ ਸਾਰੀਆਂ ਬੁਰਾਈਆਂ ਜਿਹਨਾਂ ਤੋਂ ਮਜ਼ਦੂਰ ਜਮਾਤ ਪੀੜਤ ਹੈ, ਨੂੰ ਖਤਮ ਕਰਨ ਲਈ ਕੋਈ ਸਰਬ ਰੋਗ ਨਾਸ਼ਕ ਔਸ਼ਧ ਨਹੀਂ ਹੈ, ਅੰਤ ਨੂੰ ਉਸ ਨੇ ਸਿਧਾਂਤ ਰੂਪ ਵਿੱਚ ਸੁਤੰਤਰ ਵਪਾਰ ਦੇ ਹੱਕ ਵਿੱਚ ਹੋਣ ਦਾ ਐਲਾਨ ਕੀਤਾ। ਉਸ ਵਾਸਤੇ, ਆਧੁਨਿਕ ਪੂੰਜੀਵਾਦੀ ਉਤਪਾਦਨ ਲਈ ਸੁਤੰਤਰ ਵਪਾਰ ਇੱਕ ਆਮ ਹਾਲਤ ਹੈ। ਸਿਰਫ ਸੁਤੰਤਰ ਵਪਾਰ ਅਧੀਨ ਹੀ ਭਾਫ, ਬਿਜਲੀ ਅਤੇ ਮਸ਼ੀਨਰੀ ਦੀਆਂ ਅਥਾਹ ਪੈਦਾਵਾਰੀ ਤਾਕਤਾਂ, ਪੂਰਨ ਰੂਪ ਵਿੱਚ ਵਿਕਸਿਤ ਹੋ ਸਕਦੀਆਂ ਹਨ। ਇਸ ਵਿਕਾਸ ਦੀ ਗੱਡੀ ਜਿੰਨੀ ਤੇਜ਼ ਹੋਵੇਗੀ, ਓਨੀ ਹੀ ਜਲਦੀ ਅਤੇ ਵਧੇਰੇ ਪੂਰਨ ਰੂਪ ਵਿੱਚ ਇਸ ਦੇ ਅਟੱਲ ਨਤੀਜੇ ਸਾਹਮਣੇ ਆਉਣਗੇ, ਸਮਾਜ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ, ਇੱਕ ਬੰਨੇ ਪੂੰਜੀਪਤੀ ਅਤੇ ਦੂਸਰੇ ਬੰਨੇ ਉਜਰਤੀ ਮਜ਼ਦੂਰ, ਜੱਦੀ ਪੁਸ਼ਤੀ ਧਨ ਦੌਲਤ ਇੱਕ ਬੰਨੇ, ਜੱਦੀ ਪੁਸ਼ਤੀ ਗਰੀਬੀ ਦੂਸਰੇ ਬੰਨੇ, ਪੂਰਤੀ ਮੰਗ ਤੋਂ ਵਧ ਜਾਂਦੀ ਹੈ, ਬਜ਼ਾਰ ਲਗਾਤਾਰ ਵਧ ਰਹੇ ਉਦਯੋਗਿਕ ਉਤਪਾਦਨ ਨੂੰ ਖਪਾਉਣ ਤੋਂ ਅਸਮਰਥ ਹੋ ਜਾਂਦੇ ਹਨ, ਖੁਸ਼ਹਾਲੀ, ਵਾਧੂ ਪੈਦਾਵਾਰ, ਸੰਕਟ, ਦਹਿਸ਼ਤ, ਦੀਰਘਕਾਲੀ ਮੰਦੀ ਅਤੇ ਵਪਾਰ ਦੇ ਧੀਮੇ ਮੁੜ ਉਭਾਰ ਦੇ ਹਮੇਸ਼ਾ ਵਾਰ-ਵਾਰ ਪ੍ਰਗਟ ਹੋਣ ਵਾਲੇ ਚੱਕਰ,

ਸਥਾਈ ਸੁਧਾਰ ਦਾ ਨਹੀਂ ਬਲਕਿ ਨਵੇਂ ਵਾਧੂ ਪੈਦਾਵਾਰ ਅਤੇ ਸੰਕਟ ਦਾ ਸੰਕੇਤ ਹਨ, ਸੰਖੇਪ ਵਿੱਚ, ਪੈਦਾਵਾਰ ਸ਼ਕਤੀਆਂ ਇਸ ਹੱਦ ਤੱਕ ਵਿਕਸਿਤ ਹੋ ਜਾਂਦੀਆਂ ਹਨ ਕਿ ਉਹ ਅਸਹਿ ਰੋਕਾਂ, ਉਹਨਾਂ ਸਮਾਜਿਕ ਸੰਸਥਾਵਾਂ ਜਿਹਨਾਂ ਅਧੀਨ ਉਹ ਕੰਮ ਕਰ ਰਹੀਆਂ ਹਨ, ਵਿਰੁੱਧ ਬਗਾਵਤ ਕਰ ਦਿੰਦੀਆਂ ਹਨ, ਇਸ ਦਾ ਇਕੋ-ਇਕ ਸੰਭਵ ਹੱਲ ਹੈ, ਇਕ ਸਮਾਜਿਕ ਇਨਕਲਾਬ, ਵੇਲਾ ਵਿਹਾਰ ਚੁੱਕੇ ਸਮਾਜਿਕ ਢਾਂਚੇ ਦੇ ਬੰਧਨਾਂ ਤੋਂ ਸਮਾਜੀ ਪੈਦਾਵਾਰੀ ਤਾਕਤਾਂ ਦਾ ਛੁਟਕਾਰਾ ਅਤੇ ਅਸਲ ਉਤਪਾਦਕ, ਵਿਸ਼ਾਲ ਲੋਕਾਈ ਦਾ ਉਜਰਤੀ ਗੁਲਾਮੀ ਤੋਂ ਛੁਟਕਾਰਾ। ਉਸ ਆਰਥਿਕ ਮਾਧਿਅਮ ਲਈ ਜਿਸ ਵਿੱਚ ਅਟੱਲ ਸਮਾਜੀ ਇਨਕਲਾਬ ਦੀਆਂ ਹਾਲਤਾਂ ਜਲਦੀ ਤੋਂ ਜਲਦੀ ਨਾਲ ਪੈਦਾ ਹੋਣਗੀਆਂ, ਸੁਤੰਤਰ ਵਪਾਰ ਇੱਕ ਕੁਦਰਤੀ ਅਤੇ ਆਮ ਵਾਤਾਵਰਣ ਹੈ, ਇਸ ਕਾਰਨ ਅਤੇ ਸਿਰਫ ਇਸੇ ਕਾਰਨ, ਮਾਰਕਸ ਨੇ ਸੁਤੰਤਰ ਵਪਾਰ ਦੇ ਹੱਕ ਵਿਚ ਹੋਣ ਦਾ ਐਲਾਨ ਕੀਤਾ।

ਖ਼ੈਰ, ਇੰਗਲੈਂਡ ਵਿਚ ਸੁਤੰਤਰ ਵਪਾਰ ਦੀ ਜਿੱਤ ਤੋਂ ਫੌਰੀ ਬਾਅਦ ਦੇ ਸਾਲ, ਇਸ ਘਟਨਾ ਉੱਪਰ ਅਧਾਰਿਤ ਖੁਸ਼ਹਾਲੀ ਦੀਆਂ ਬਹੁਤ ਵਧਦੀਆਂ ਉਮੀਦਾਂ ਨੂੰ ਸਹੀ ਸਾਬਤ ਕਰਦੇ ਜਾਪੇ। ਬਰਤਾਨੀਆ ਦੇ ਵਪਾਰ ਵਿੱਚ ਹੈਰਾਨੀਜਨਕ ਵਾਧਾ ਹੋਇਆ, ਸੰਸਾਰ ਮੰਡੀ ਉੱਪਰ ਇੰਗਲੈਂਡ ਦੀ ਉਦਯੋਗਿਕ ਇਜ਼ਾਰੇਦਾਰੀ ਹਮੇਸ਼ਾ ਨਾਲੋਂ ਵਧੇਰੇ ਮਜ਼ਬੂਤੀ ਨਾਲ ਸਥਾਪਤ ਹੁੰਦੀ ਜਾਪੀ, ਲੋਹੇ ਦੇ ਨਵੇਂ ਕਾਰਖਾਨੇ, ਕੱਪੜੇ ਦੀਆਂ ਨਵੀਆਂ ਫੈਕਟਰੀਆਂ ਵੱਡੀ ਪੱਧਰ 'ਤੇ ਲੱਗੀਆਂ, ਹਰ ਪਾਸੇ ਉਦਯੋਗ ਦੀਆਂ ਨਵੀਆਂ ਸ਼ਾਖਾਵਾਂ ਉੱਗ ਪਈਆਂ। 1857 ਵਿੱਚ ਇਕ ਭਿਆਨਕ ਸੰਕਟ ਦਾ ਵੀ ਸਾਹਮਣਾ ਹੋਇਆ, ਪਰ ਇਸ ਉੱਪਰ ਕਾਬੂ ਪਾ ਲਿਆ ਗਿਆ, ਵਪਾਰ ਅਤੇ ਉਦਯੋਗ ਵਿੱਚ ਅਗਾਂਹ ਵੱਲ ਵਿਕਾਸ ਜਲਦੀ ਹੀ ਦੁਬਾਰਾ ਪੂਰੇ ਜਲੌ ਵਿੱਚ ਸੀ, 1866 ਵਿੱਚ ਨਵਾਂ ਝਟਕਾ ਲੱਗਿਆ, ਇਸ ਵਾਰ ਇਹ ਝਟਕਾ ਸੰਸਾਰ ਦੇ ਆਰਥਿਕ ਇਤਿਹਾਸ ਵਿੱਚ ਇਕ ਨਵਾਂ ਆਰੰਭਕ ਨੁਕਤਾ ਸੀ।

1848 ਤੋਂ 1866 ਤੱਕ ਬਰਤਾਨੀਆ ਦੇ ਉਦਯੋਗ ਅਤੇ ਵਪਾਰ ਵਿੱਚ ਬੇਨਜ਼ੀਰ ਵਾਧਾ ਬਿਨਾਂ ਸ਼ੱਕ, ਕਾਫੀ ਹੱਦ ਤੱਕ ਅਨਾਜ ਅਤੇ ਕੱਚੇ ਮਾਲਾਂ ਉੱਤੋਂ ਸੁਰੱਖਿਆ ਕਰ ਹਟਾਏ ਜਾਣ ਕਾਰਨ ਸੀ। ਪ੍ਰੰਤੂ ਇਹੋ ਸਭ ਕੁਝ ਨਹੀਂ ਸੀ। ਉਸੇ ਸਮੇਂ ਹੋਰ ਵੀ ਮਹੱਤਵਪੂਰਨ ਤਬਦੀਲੀਆਂ ਹੋਈਆਂ ਜਿਹਨਾਂ ਨੇ ਇਸ ਨੂੰ ਮਦਦ ਪਹੁੰਚਾਈ। ਉਪਰੋਕਤ ਸਾਲਾਂ ਵਿੱਚ ਕੈਲੇਫੋਰਨੀਆ ਅਤੇ ਆਸਟ੍ਰੇਲੀਆ ਦੀਆਂ ਸੋਨੇ ਦੀਆਂ ਖਾਣਾ ਦੀ ਖੋਜ ਅਤੇ ਖੁਦਾਈ ਦੇ ਸਾਲ ਵੀ ਸ਼ਾਮਿਲ ਹਨ, ਜਿਸ ਵਿੱਚ ਸੰਸਾਰ ਵਿਚ ਭੁਗਤਾਨ ਮਾਧਿਅਮ ਵਜੋਂ ਅਥਾਹ ਵਾਧਾ ਹੋਇਆ, ਉਹ ਸਾਲ ਭਾਫ ਦੀ ਆਵਾਜਾਈ ਦੇ ਹੋਰ ਸਭ ਸਾਧਨਾਂ ਉੱਪਰ ਜਿੱਤ ਦੇ ਵੀ ਸਾਲ ਸਨ, ਸਾਗਰ ਦੀ ਤਹਿ ਤੇ ਸਟੀਮਰ ਹੁਣ ਹਵਾ ਆਸਰੇ ਚੱਲਣ ਵਾਲੀਆਂ ਸਮੁੰਦਰੀ ਕਿਸ਼ਤੀਆਂ ਨੂੰ ਪਿਛਾਂਹ ਛੱਡ ਗਏ, ਧਰਤੀ ਉੱਪਰ, ਹਰ ਸੱਭਿਅਕ ਦੇਸ਼ ਵਿੱਚ ਰੇਲ ਪਟੜੀਆਂ ਨੇ ਪਹਿਲੀ ਥਾਂ ਹਾਸਲ ਕਰ ਲਈ, ਕੰਕਰੀਟ ਦੀਆਂ ਸੜਕਾਂ ਨੇ ਦੂਸਰੀ ਥਾਂ ਹਾਸਲ ਕੀਤੀ, ਆਵਾਜਾਈ ਹੁਣ ਚਾਰ ਗੁਣਾ ਤੇਜ਼ ਅਤੇ ਚਾਰ ਗੁਣਾ ਸਸਤੀ ਹੋ ਗਈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇਹਨਾਂ ਲਾਹੇਵੰਦ ਹਾਲਤਾਂ ਅਧੀਨ, ਭਾਫ ਨਾਲ ਚੱਲਣ ਵਾਲੇ ਬ੍ਰਿਟਿਸ਼ ਕਾਰਖਾਨਿਆਂ ਨੇ, ਸਰੀਰਕ ਕਿਰਤ ਤੇ ਆਧਾਰਤ ਵਿਦੇਸ਼ਾਂ ਦੀ ਘਰੇਲੂ ਸਨਅਤ ਦੀ ਕੀਮਤ ਉੱਪਰ ਆਪਣੀ ਹਕੂਮਤ ਦਾ

ਵਿਸਤਾਰ ਕੀਤਾ। ਪ੍ਰੰਤੂ ਕੀ ਦੂਜੇ ਦੇਸ਼ ਇਸ ਤਬਦੀਲੀ ਕਾਰਨ ਹੋਏ ਅਪਮਾਨ ਨੂੰ ਪ੍ਰਵਾਨ ਕਰਨ ਲਈ ਚੁੱਪ ਚਾਪ ਬੈਠੇ ਸਨ, ਜਿਸ ਨੇ ਉਹਨਾਂ ਨੂੰ ਇੰਗਲੈਂਡ "ਸੰਸਾਰ ਦੀ ਵਰਕਸ਼ਾਪ' ਦੀਆਂ ਸਿਰਫ ਖੇਤੀ ਆਧਾਰਿਤ ਬਸਤੀਆਂ ਦੀ ਪੱਧਰ ਤੱਕ ਹੇਠ ਸੁੱਟ ਦਿੱਤਾ ਸੀ?

ਦੂਸਰੇ ਦੇਸ਼ਾਂ ਨੇ ਅਜਿਹਾ ਕੁਝ ਨਹੀਂ ਕੀਤਾ। ਫਰਾਂਸ ਨੇ ਲਗਭਗ ਦੋ ਸੌ ਸਾਲਾਂ ਤੱਕ ਆਪਣੇ ਉਦਯੋਗਾਂ ਨੂੰ ਸੁਰੱਖਿਆ ਅਤੇ ਰੋਕਾਂ ਦੀ ਮਜ਼ਬੂਤ ਚੀਨੀ ਦੀਵਾਰ ਦੀ ਓਟ ਵਿੱਚ ਰੱਖਿਆ, ਐਸ਼ੋ ਇਸ਼ਰਤ ਦੇ ਸਭ ਸਾਮਾਨ ਹਾਸਲ ਕੀਤੇ ਅਤੇ ਅਜਿਹੀ ਪ੍ਰਬੀਨਤਾ ਹਾਸਲ ਕੀਤੀ, ਜਿਸ ਨੂੰ ਕਿ ਇੰਗਲੈਂਡ ਵੀ ਰੱਦ ਨਹੀਂ ਕਰ ਸਕਦਾ ਸੀ। ਸਵਿਟਜ਼ਰਲੈਂਡ ਨੇ ਸੰਪੂਰਨ ਸੁਤੰਤਰ ਵਪਾਰ ਅਧੀਨ ਅਜਿਹੇ ਮੁਕਾਬਲਤਨ ਮਹੱਤਵਪੂਰਨ ਉਦਯੋਗ ਹਾਸਲ ਕੀਤੇ ਜਿਨ੍ਹਾਂ ਨੂੰ ਬ੍ਰਿਟਿਸ਼ ਮੁਕਾਬਲਾ ਵੀ ਨਹੀਂ ਛੂਹ ਸਕਦਾ ਸੀ। ਜਰਮਨੀ ਜਿਸ ਦੀ ਚੁੰਗੀ ਹੋਰ ਕਿਸੇ ਵੀ ਵੱਡੇ ਮਹਾਂਦੀਪੀ ਦੇਸ਼ ਤੋਂ ਕਿਤੇ ਵਧੇਰੇ ਉਦਾਰ ਸੀ, ਆਪਣੇ ਉਦਯੋਗਾਂ ਨੂੰ ਮੁਕਾਬਲਤਨ ਤੇਜ਼ ਗਤੀ ਨਾਲ ਵਿਕਸਿਤ ਕਰ ਰਿਹਾ ਸੀ। ਅਮਰੀਕਾ ਜਿਸ ਦੇ ਆਪਣੇ ਸਰੋਤਾਂ ਉੱਪਰ 1861 ਦੀ ਘਰੇਲੂ ਜੰਗ[4] ਦਾ ਭਾਰ ਆਣ ਪਿਆ ਸੀ, ਨੇ ਸਭ ਤਰ੍ਹਾਂ ਦੀਆਂ ਉਦਯੋਗਿਕ ਵਸਤਾਂ ਦੀ ਅਚਾਨਕ ਆ ਖੜ੍ਹੀ ਮੰਗ ਦੀ ਪੂਰਤੀ ਵਾਸਤੇ ਸਾਧਨ ਲੱਭਣੇ ਸਨ ਅਤੇ ਅਜਿਹਾ ਉਹ ਸਿਰਫ ਆਪਣੇ ਉਦਯੋਗਾਂ ਦਾ ਵਿਕਾਸ ਕਰਕੇ ਹੀ ਕਰ ਸਕਦਾ ਸੀ। ਜੰਗ ਦੁਆਰਾ ਪੈਦਾ ਕੀਤੀ ਮੰਗ, ਜੰਗ ਦੇ ਨਾਲ ਹੀ ਸਮਾਪਤ ਹੋ ਗਈ, ਪ੍ਰੰਤੂ ਨਵੇਂ ਉਦਯੋਗ ਲੱਗ ਚੁੱਕੇ ਸਨ ਅਤੇ ਉਹਨਾਂ ਨੂੰ ਬ੍ਰਿਟਿਸ਼ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਅਮਰੀਕਾ ਵਿੱਚ ਜੰਗ ਨੇ ਇਸ ਵਿਚਾਰ ਨੂੰ ਪੱਕਾ ਕੀਤਾ ਕਿ 35 ਮਿਲੀਅਨ ਆਬਾਦੀ ਵਾਲੀ ਕੌਮ ਨੂੰ ਜਿਸ ਕੋਲ ਕਿ ਇੰਨੇ ਅਥਾਹ ਸਰੋਤ ਹਨ ਅਤੇ ਜੋ ਅਜਿਹੇ ਗੁਆਂਢੀਆਂ ਵਿਚਕਾਰ ਘਿਰੀ ਹੋਈ ਹੈ ਜੋ ਕਿ ਆਉਣ ਵਾਲੇ ਸਾਲਾਂ ਵਿੱਚ ਵੀ ਜ਼ਰੂਰ ਹੀ ਖੇਤੀ ਪ੍ਰਧਾਨ ਰਹਿਣਗੇ ਕਿ ਅਜਿਹੀ ਕੌਮ ਨੂੰ ਵਿਦੇਸ਼ੀ ਉਦਯੋਗਿਕ ਵਸਤਾਂ ਤੋਂ ਖਾਸ ਕਰਕੇ ਉਪਭੋਗ ਦੀਆਂ ਵਸਤਾਂ ਦੇ ਸਬੰਧ ਵਿੱਚ ਆਜ਼ਾਦ ਹੋਣ ਲਈ "ਕਿਸਮਤ ਦਾ ਪ੍ਰਦਰਸ਼ਨ" ਕਰਨਾ ਚਾਹੀਦਾ ਹੈ, ਸਮਾਂ ਭਾਵੇਂ ਸ਼ਾਂਤੀ ਦਾ ਹੋਵੇ ਭਾਵੇਂ ਯੁੱਧ ਦਾ, ਤਦ ਅਮਰੀਕਾ ਸੁਰੱਖਿਆਵਾਦੀ ਹੋ ਗਿਆ।

ਪੰਦਰਾਂ ਸਾਲ ਪਹਿਲਾਂ ਮੈਂ ਗਲਾਸਗੋ ਦੇ ਇੱਕ ਬੁਧੀਮਾਨ ਵਪਾਰੀ ਨਾਲ ਰੇਲ ਰਾਹੀਂ ਸਫਰ ਕੀਤਾ, ਜਿਸ ਦੀ ਕਿ ਸੰਭਾਵਤ ਦਿਲਚਸਪੀ ਲੋਹੇ ਦੇ ਵਪਾਰ ਵਿੱਚ ਸੀ। ਅਮਰੀਕਾ ਸਬੰਧੀ ਗੱਲ ਕਰਦਿਆਂ, ਉਸ ਨੇ ਮੈਨੂੰ ਸੁਤੰਤਰ ਵਪਾਰ ਦੇ ਪੁਰਾਣੇ ਜੁਮਲੇ ਸੁਣਾਉਣੇ ਸ਼ੁਰੂ ਕੀਤੇ। "ਕੀ ਇਹ ਅਵਿਸ਼ਵਾਸਯੋਗ ਨਹੀਂ ਸੀ ਕਿ ਅਮਰੀਕਾ ਜਿਹੀ ਸਮਰੱਥ ਕਾਰੋਬਾਰੀਆਂ ਦੀ ਕੌਮ ਨੂੰ ਲੋਹਾ ਪੈਦਾ ਕਰ ਵਾਲੇ ਦੇਸੀ ਮਾਲਕਾਂ ਅਤੇ ਉਦਯੋਗਪਤੀਆਂ ਨੂੰ ਨਜ਼ਰਾਨਾ ਭੇਂਟ ਕਰਨਾ ਪੈਂਦਾ ਸੀ, ਜਦ ਕਿ ਉਹ ਜੇਕਰ ਬੇਹਤਰ ਨਹੀਂ ਤਾਂ ਉਹੋ ਜਿਹੀ ਚੀਜ਼ ਹਮੇਸ਼ਾ ਬਹੁਤ ਵਧੇਰੇ ਸਸਤੀ ਇਸ ਦੇਸ਼ ਤੋਂ ਖਰੀਦ ਸਕਦੇ ਹਨ? ਤਦ ਉਸ ਨੇ ਮੈਨੂੰ ਉਦਾਹਰਣਾਂ ਦੇ ਕੇ ਦੱਸਿਆ ਕਿ ਅਮਰੀਕਨ ਕੁਝ ਲਾਲਚੀ ਲੋਹਾ ਉਤਪਾਦਕਾਂ ਨੂੰ ਅਮੀਰ ਬਣਾਉਣ ਲਈ ਖੁਦ ਉੱਪਰ ਕਿੰਨਾ ਟੈਕਸ ਲਗਾਉਂਦੇ ਹਨ। "ਅੱਛਾ" ਮੈਂ ਉੱਤਰ ਦਿੱਤਾ, "ਮੈਂ ਸੋਚਦਾ ਹਾਂ ਕਿ ਇਸ ਸਵਾਲ ਦਾ ਇਕ ਦੂਸਰਾ ਪੱਖ ਵੀ ਹੈ। ਤੁਸੀਂ ਜਾਣਦੇ ਹੋ ਕਿ ਕੋਲੇ, ਪਣ-ਸ਼ਕਤੀ, ਲੋਹੇ ਅਤੇ ਹੋਰ ਖਾਣਾਂ, ਸਸਤਾ ਭੋਜਨ, ਦੇਸੀ ਕਪਾਹ ਅਤੇ ਹੋਰ ਕੱਚੇ ਮਾਲ ਦੇ ਅਮਰੀਕਾ ਕੋਲ ਸਰੋਤ ਹਨ

ਅਤੇ ਇਸ ਮਾਮਲੇ ਵਿੱਚ ਅਮਰੀਕਾ ਹੋਰ ਕਿਸੇ ਵੀ ਯੂਰਪੀ ਦੇਸ਼ ਤੋਂ ਵਧੇਰੇ ਲਾਹੇਵੰਦ ਹਾਲਤ ਵਿੱਚ ਹੈ ਅਤੇ ਇਹ ਸਰੋਤ ਸਿਰਫ ਤਾਂ ਹੀ ਪੂਰੀ ਤਰ੍ਹਾਂ ਵਿਕਸਿਤ ਹੋ ਸਕਦੇ ਹਨ ਜੇਕਰ ਅਮਰੀਕਾ ਇੱਕ ਉਦਯੋਗਿਕ ਦੇਸ਼ ਬਣੇ। ਤੁਸੀਂ ਵੀ ਇਹ ਗੱਲ ਪ੍ਰਵਾਨ ਕਰੋਗੇ ਕਿ ਅਮਰੀਕਾ ਜਿਹੀ ਮਹਾਨ ਕੌਮ ਸਿਰਫ ਖੇਤੀ ਸਹਾਰੇ ਹੀ ਟਿਕੀ ਨਹੀਂ ਰਹਿ ਸਕਦੀ, ਜੋ ਕਿ ਸਥਾਈ ਬਰਬਰਤਾ ਅਤੇ ਹੀਣਤਾ ਵੱਲ ਧੱਕ ਦਿੱਤੇ ਜਾਣ ਦੇ ਤੁੱਲ ਹੋਵੇਗਾ, ਸਾਡੇ ਯੁੱਗ ਵਿੱਚ ਕੋਈ ਵੀ ਕੌਮ ਆਪਣੇ ਉਦਯੋਗਾਂ ਬਿਨਾਂ ਜਿਉਂਦੀ ਨਹੀਂ ਰਹਿ ਸਕਦੀ। ਅੱਛਾ, ਜੇ ਅਮਰੀਕਾ ਨੇ ਜ਼ਰੂਰ ਹੀ ਉਦਯੋਗਕ ਦੇਸ਼ ਬਣਨਾ ਹੈ, ਜੇ ਉਸ ਕੋਲ ਸਿਰਫ ਆਪਣੇ ਵਿਰੋਧੀਆਂ ਦੇ ਮਗਰ ਨਾ ਚੱਲਣ ਦਾ ਬਲਕਿ ਉਹਨਾਂ ਨੂੰ ਪਛਾੜ ਦੇਣ ਦਾ ਹਰ ਮੌਕਾ ਹੈ, ਤਾਂ ਉਸ ਅੱਗੇ ਦੋ ਰਾਹ ਖੁੱਲ੍ਹੇ ਹਨ, ਜਾਂ ਤਾਂ ਉਹ ਸੌ ਸਾਲ ਪੁਰਾਣੀ ਇੰਗਲੈਂਡ ਦੀ ਸੱਨਅਤ ਨਾਲ, ਪੰਜਾਹ ਸਾਲਾਂ ਤੱਕ ਅਤਿ ਦੀ ਮਹਿੰਗੀ ਮੁਕਾਬਲੇ ਦੀ ਜੰਗ ਜਾਰੀ ਰੱਖੇ ਜਾਂ 25 ਸਾਲਾਂ ਵਾਸਤੇ ਸੁਰੱਖਿਆ ਕਰਾਂ ਨਾਲ ਬ੍ਰਿਟਿਸ਼ ਉਦਯੋਗਾਂ ਵਾਸਤੇ ਆਪਣੇ ਦਰਵਾਜ਼ੇ ਬੰਦ ਕਰ ਦੇਵੇ, ਲਗਭਗ ਪੂਰੀ ਨਿਸ਼ਚਿਤਤਾ ਨਾਲ ਕਿਹਾ ਜਾ ਸਕਦਾ ਹੈ ਕਿ 25 ਸਾਲਾਂ ਬਾਅਦ ਖੁੱਲ੍ਹੀ ਸੰਸਾਰ ਮੰਡੀ ਵਿੱਚ ਉਹ ਆਪਣੀ ਥਾਂ ਬਣਾਉਣ ਦੇ ਯੋਗ ਹੋਵੇਗਾ। ਉਸ ਵਾਸਤੇ ਦੋਹਾਂ ਵਿੱਚੋਂ ਕਿਹੜਾ ਰਾਹ ਸਭ ਤੋਂ ਸਸਤਾ ਅਤੇ ਸਭ ਤੋਂ ਛੋਟਾ ਹੋਵੇਗਾ।

ਸਵਾਲ ਇਹ ਹੈ ਕਿ ਜੇ ਤੁਸੀਂ ਗਲਾਸਗੋ ਤੋਂ ਲੰਡਨ ਜਾਣਾ ਚਾਹੁੰਦੇ ਹੋ, ਤੁਸੀਂ ਪਾਰਲੀਮੈਂਟਰੀ ਟਰੇਨ ਲੈ ਸਕਦੇ ਹੋ, ਜਿਸ ਦਾ ਇੱਕ ਪੈਨੀ ਪ੍ਰਤੀ ਮੀਲ ਕਿਰਾਇਆ ਹੈ ਅਤੇ ਜੋ ਇੱਕ ਘੰਟੇ ਵਿਚ ਬਾਰਾਂ ਕਿਲੋਮੀਟਰ ਸਫਰ ਤੈਅ ਕਰਦੀ ਹੈ ਪ੍ਰੰਤੂ ਤੁਸੀਂ ਅਜਿਹਾ ਨਹੀਂ ਕਰਦੇ, ਤੁਹਾਡਾ ਸਮਾਂ ਬਹੁਤ ਕੀਮਤੀ ਹੈ, ਤੁਸੀਂ ਐਕਸਪ੍ਰੈਸ ਗੱਡੀ ਲੈਂਦੇ ਹੋ, ਇੱਕ ਮੀਲ ਵਾਸਤੇ ਦੋ ਪੈਂਸ ਕਿਰਾਇਆ ਦਿੰਦੇ ਹੋ ਅਤੇ ਇੱਕ ਘੰਟੇ ਵਿਚ ਚਾਲੀ ਕਿਲੋਮੀਟਰ ਸਫਰ ਕਰਦੇ ਹੋ। ਬਹੁਤ ਅੱਛਾ, ਅਮਰੀਕਨ ਐਕਸਪ੍ਰੈਸ ਦਾ ਕਿਰਾਇਆ ਦੇ ਕੇ ਐਕਸਪ੍ਰੈਸ ਰਫਤਾਰ ਨਾਲ ਸਫਰ ਕਰਨਾ ਪਸੰਦ ਕਰਦੇ ਹਨ।" ਮੇਰੇ ਸਕਾਚ ਸੁਤੰਤਰ ਵਪਾਰੀ ਕੋਲ ਜਵਾਬ ਵਿੱਚ ਇਕ ਸ਼ਬਦ ਵੀ ਨਹੀਂ ਸੀ।

ਸੁਰੱਖਿਆ, ਨਕਲੀ ਢੰਗ ਨਾਲ ਉਦਯੋਗਪਤੀ ਬਣਾਉਣ ਦਾ ਇੱਕ ਜ਼ਰੀਆ ਹੁੰਦਿਆਂ, ਨਾ ਸਿਰਫ ਅਪੂਰਨ ਰੂਪ ਵਿੱਚ ਵਿਕਸਿਤ ਸਰਮਾਏਦਾਰ ਜਮਾਤ ਨੂੰ ਜੋ ਅਜੇ ਵੀ ਜਗੀਰਦਾਰੀ ਨਾਲ ਸੰਘਰਸ਼ ਕਰ ਰਹੀ ਹੈ, ਲਾਹੇਵੰਦ ਪ੍ਰਤੀਤ ਹੋ ਸਕਦੀ ਹੈ, ਇਹ ਅਮਰੀਕਾ ਜਿਸ ਨੇ ਕਦੇ ਜਗੀਰਦਾਰੀ ਨਹੀਂ ਵੇਖੀ, ਦੀ ਸਰਮਾਏਦਾਰ ਜਮਾਤ ਜਿਹੀ ਉੱਭਰ ਰਹੀ ਜਮਾਤ ਨੂੰ ਵੀ ਹੁਲਾਰਾ ਦੇ ਸਕਦੀ ਹੈ। ਅਜਿਹੀ ਸਥਿਤੀ ਵਿੱਚ ਅਮਰੀਕਾ ਨੇ ਸੁਰੱਖਿਆ ਦਾ ਪੱਖ ਲਿਆ। ਇਹ ਫੈਸਲਾ ਲਏ ਨੂੰ 25 ਸਾਲ ਦਾ ਸਮਾਂ ਜਿਸ ਬਾਰੇ ਮੈਂ ਆਪਣੇ ਸਹਿ ਯਾਤਰੀ ਨੂੰ ਦੱਸਿਆ ਸੀ, ਗੁਜ਼ਰ ਚੁੱਕਾ ਹੈ ਅਤੇ ਜੇਕਰ ਮੈਂ ਗਲਤ ਨਾ ਹੋਵਾਂ, ਸੁਰੱਖਿਆ ਅਮਰੀਕਾ ਵਾਸਤੇ ਆਪਣਾ ਕਾਰਜ ਪੂਰਾ ਕਰ ਚੁੱਕੀ ਹੈ ਅਤੇ ਇਹ ਜ਼ਰੂਰ ਹੀ ਹੁਣ ਪ੍ਰੇਸ਼ਾਨੀ ਦਾ ਸਬਬ ਬਣ ਰਹੀ ਹੈ।

ਕੁਝ ਸਮੇਂ ਲਈ ਮੇਰੀ ਇਹੋ ਰਾਏ ਰਹੀ ਹੈ। ਲਗਭਗ ਦੋ ਸਾਲ ਪਹਿਲਾਂ ਮੈਂ ਇਕ ਸੁਰੱਖਿਆਵਾਦੀ ਅਮਰੀਕਨ ਨੂੰ ਕਿਹਾ, "ਮੈਨੂੰ ਇਹ ਗੱਲ ਦੱਸੀ ਹੋਈ ਹੈ ਕਿ ਜੇਕਰ ਅਮਰੀਕਾ

ਸੁਤੰਤਰ ਵਪਾਰ ਦਾ ਪ੍ਰਬੰਧ ਅਪਣਾ ਲਵੇ ਤਾਂ ਇਹ ਦਸ ਸਾਲਾਂ ਵਿੱਚ ਸੰਸਾਰ ਮੰਡੀ ਵਿੱਚ ਇੰਗਲੈਂਡ ਨੂੰ ਹਰਾ ਦੇਵੇਗਾ।"

ਸੁਰੱਖਿਆ ਇਕ ਅੰਤਹੀਣ ਪੇਚ ਹੈ ਅਤੇ ਤੁਸੀਂ ਇਹ ਕਦੇ ਨਹੀਂ ਜਾਣਦੇ ਕਿ ਇਸ ਤੋਂ ਕਦੋਂ ਕੰਮ ਲੈਣਾ ਹੈ। ਇੱਕ ਉਦਯੋਗ ਨੂੰ ਸੁਰੱਖਿਆ ਪ੍ਰਦਾਨ ਕਰਕੇ ਤੁਸੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹੋਰ ਸਭਨਾਂ ਨੂੰ ਨੁਕਸਾਨ ਪਹੁੰਚਾਉਂਦੇ ਹੋ ਅਤੇ ਇਸ ਤਰ੍ਹਾਂ ਉਹਨਾਂ ਨੂੰ ਵੀ ਸੁਰੱਖਿਆ ਦੇਣੀ ਪੈਂਦੀ ਹੈ। ਇਸ ਤਰ੍ਹਾਂ ਕਰਨ ਨਾਲ ਤੁਸੀਂ ਦੁਬਾਰਾ ਉਸੇ ਉਦਯੋਗ ਨੂੰ ਨੁਕਸਾਨ ਪਹੁੰਚਾਉਂਦੇ ਹੋ, ਜਿਸ ਨੂੰ ਪਹਿਲਾਂ ਤੁਸੀਂ ਸੁਰੱਖਿਆ ਪ੍ਰਦਾਨ ਕੀਤੀ ਸੀ ਅਤੇ ਇਸ ਨੂੰ ਮੁਆਵਜ਼ਾ ਦੇਣਾ ਪੈਂਦਾ ਹੈ, ਪ੍ਰੰਤੂ ਇਹ ਮੁਆਵਜ਼ਾ ਪਹਿਲਾਂ ਵਾਂਗ ਹੋਰ ਸਾਰੇ ਧੰਦਿਆਂ ਉੱਪਰ ਪ੍ਰਤੀਕਿਰਿਆ ਕਰਦਾ ਹੈ ਅਤੇ ਉਹਨਾਂ ਨੂੰ ਮੁਆਵਜ਼ੇ ਦਾ ਪਾਤਰ ਬਣਾ ਦਿੰਦਾ ਹੈ ਅਤੇ ਇਸ ਤਰ੍ਹਾਂ ਇਹ ਅਨੰਤ ਤੱਕ ਚਲਦਾ ਰਹਿੰਦਾ ਹੈ, ਇਸ ਮਾਮਲੇ ਵਿੱਚ ਅਮਰੀਕਾ ਸੁਰੱਖਿਆ ਜ਼ਰੀਏ ਇੱਕ ਮਹੱਤਵਪੂਰਨ ਉਦਯੋਗ ਨੂੰ ਖਤਮ ਕਰਨ ਦੀ ਉੱਘੜਵੀਂ ਉਦਾਹਰਣ ਪੇਸ਼ ਕਰਦਾ ਹੈ। 1856 ਵਿੱਚ ਸੰਯੁਕਤ ਰਾਸ਼ਟਰ ਦਾ ਸਮੁੰਦਰ ਰਾਹੀਂ 641, 604, 850 ਡਾਲਰ ਆਯਾਤ ਅਤੇ ਨਿਰਯਾਤ ਹੁੰਦਾ ਸੀ। ਇਸ ਵਿਚੋਂ 75.2% ਅਮਰੀਕੀ ਜਹਾਜ਼ਾਂ ਜ਼ਰੀਏ ਢੋਇਆ ਜਾਂਦਾ ਸੀ, ਵਿਦੇਸ਼ੀ ਜਹਾਜ਼ਾਂ ਜ਼ਰੀਏ ਸਿਰਫ 24.8% ਹਿੱਸਾ ਹੀ ਢੋਇਆ ਜਾਂਦਾ ਸੀ। ਬ੍ਰਿਟਿਸ਼ ਸਮੁੰਦਰੀ ਸਟੀਮਰ ਉਦੋਂ ਪਹਿਲਾਂ ਹੀ ਹਵਾ ਸਹਾਰੇ ਚੱਲਣ ਵਾਲੇ ਅਮਰੀਕੀ ਜਹਾਜ਼ਾਂ ਨੂੰ ਖੋਰਾ ਲਾ ਰਹੇ ਸਨ, ਤਦ 1860 ਵਿੱਚ ਸਮੁੰਦਰ ਜ਼ਰੀਏ ਹੋਣ ਵਾਲੇ ਕੁਲ 763, 288, 550 ਡਾਲਰ ਦੇ ਵਪਾਰ ਵਿੱਚੋਂ ਅਮਰੀਕਨ ਜਹਾਜ਼ ਅਜੇ ਵੀ 66.5 ਫੀਸਦੀ ਹਿੱਸਾ ਢੋਂਦੇ ਸਨ। ਗ੍ਰਹਿਯੁੱਧ ਸ਼ੁਰੂ ਹੋਇਆ ਅਤੇ ਅਮਰੀਕਨ ਜਹਾਜ਼ ਨਿਰਮਾਣ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ, ਮਗਰਲੀ ਯੋਜਨਾ ਇੰਨੀ ਸਫਲ ਹੋਈ ਕਿ ਇਸ ਨੇ ਲਗਭਗ ਪੂਰੀ ਤਰ੍ਹਾਂ ਸਮੁੰਦਰ ਤੋਂ ਅਮਰੀਕੀ ਝੰਡੇ ਨੂੰ ਲਾਂਭੇ ਕਰਾਰ ਦਿੱਤਾ। 1887 ਵਿੱਚ ਅਮਰੀਕਾ ਦਾ ਸਮੁੰਦਰ ਰਾਹੀਂ ਹੋਣ ਵਾਲਾ ਵਪਾਰ 1,408,502,979 ਡਾਲਰ ਸੀ, ਪ੍ਰੰਤੂ ਇਸ ਵਿੱਚੋਂ ਸਿਰਫ 13.8% ਹੀ ਅਮਰੀਕੀ ਜਹਾਜ਼ਾਂ ਰਾਹੀਂ ਢੋਇਆ ਜਾਂਦਾ ਸੀ, ਬਾਕੀ 86.2% ਵਿਦੇਸ਼ੀ ਜਹਾਜ਼ਾਂ ਰਾਹੀਂ ਢੋਇਆ ਜਾਂਦਾ ਸੀ। ਅਮਰੀਕੀ ਜਹਾਜ਼ਾਂ ਰਾਹੀਂ 1856 ਵਿੱਚ ਢੋਏ ਜਾਣ ਵਾਲੇ ਮਾਲ ਦੀ ਕੀਮਤ 482,268,274 ਡਾਲਰ ਸੀ, 1860 ਵਿੱਚ ਇਹ 507,247,757 ਡਾਲਰ ਸੀ। 1887 ਵਿੱਚ ਇਹ ਘਟਕੇ 194,356,746 ਡਾਲਰ ਰਹਿ ਗਈ। ਚਾਲੀ ਸਾਲ ਪਹਿਲਾਂ ਅਮਰੀਕੀ ਝੰਡਾ, ਬ੍ਰਿਟਿਸ਼ ਝੰਡੇ ਦਾ ਸਭ ਤੋਂ ਖਤਰਨਾਕ ਵਿਰੋਧੀ ਸੀ ਅਤੇ ਇਸ ਨੂੰ ਸਮੁੰਦਰ ਵਿੱਚ ਪਛਾੜਣ ਦੀ ਜੋ ਹੋੜ ਸੀ, ਉਹ ਹੁਣ ਕਿਧਰੇ ਨਹੀਂ ਰਹੀ ਸੀ। ਜਹਾਜ਼ ਨਿਰਮਾਣ ਨੂੰ ਸੁਰੱਖਿਆ ਨੇ, ਜਹਾਜ਼ਰਾਨੀ ਅਤੇ ਜਹਾਜ਼ ਨਿਰਮਾਣ ਦੋਵਾਂ ਦਾ ਨਾਸ ਮਾਰ ਦਿੱਤਾ।

ਇੱਕ ਨੁਕਤਾ ਹੋਰ। ਇਹਨੀ ਦਿਨੀਂ ਪੈਦਾਵਾਰ ਦੇ ਢੰਗਾਂ ਵਿੱਚ ਸੁਧਾਰ ਇੰਨੀ ਤੇਜ਼ੀ ਨਾਲ ਇੱਕ ਦੂਸਰੇ ਦਾ ਅਨੁਸਰ ਕਰਦੇ ਹਨ ਅਤੇ ਉਦਯੋਗ ਦੀਆਂ ਸਾਰੀਆਂ ਸ਼ਾਖਾਵਾਂ ਦਾ ਖਾਸਾ ਇੰਨਾ ਅਚਾਨਕ ਅਤੇ ਇੰਨਾ ਪੂਰਨ ਰੂਪ ਵਿੱਚ ਬਦਲ ਜਾਂਦਾ ਹੈ ਕਿ ਜੋ ਕੱਲ੍ਹ ਦਾ ਪੂਰੀ ਤਰ੍ਹਾਂ ਸੰਤੁਲਤ ਸੁਰੱਖਿਆ ਕਰ ਹੋ ਸਕਦਾ ਸੀ, ਅੱਜ ਉਹ ਉਸ ਤਰ੍ਹਾਂ ਨਹੀਂ ਹੈ।

ਆਓ ਖਜ਼ਾਨਾ ਸਕੱਤਰ ਦੀ 1887 ਦੀ ਰਿਪੋਰਟ ਵਿੱਚੋਂ ਇੱਕ ਹੋਰ ਉਦਾਹਰਣ

ਲਈਏ :-

"ਉੱਨ ਬਣਾਉਣ ਵਿੱਚ ਇਸਤੇਮਾਲ ਕੀਤੀ ਜਾਂਦੀ ਮਸ਼ੀਨਰੀ ਵਿੱਚ ਸੁਧਾਰਾਂ ਨੇ ਵਪਾਰਕ ਤੌਰ 'ਤੇ ਊਨੀ ਧਾਗੇ ਦੇ ਕੱਪੜੇ ਦੇ ਤੌਰ 'ਤੇ ਜਾਣੇ ਜਾਂਦੇ ਕੱਪੜੇ ਦੇ ਖਾਸੇ ਨੂੰ ਇਨਾ ਬਦਲ ਦਿੱਤਾ ਕਿ ਇਸ ਨੇ ਮਰਦਾਂ ਦੁਆਰਾ ਪਹਿਨੇ ਜਾਂਦੇ ਪਸ਼ਮ ਦੇ ਕੱਪੜਿਆਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇਸ ਤਬਦੀਲੀ ਨੇ ਸਾਡੇ ਇਹਨਾਂ (ਊਨੀ ਧਾਗੇ ਦੀਆਂ) ਚੀਜ਼ਾਂ ਬਣਾਉਣ ਵਾਲੇ ਘਰੇਲੂ ਉਦਯੋਗਪਤੀਆਂ ਨੂੰ ਗੰਭੀਰ ਨੁਕਸਾਨ ਪਹੁੰਚਾਇਆ ਹੈ ਕਿਉਂ ਉਹਨਾਂ ਦੁਆਰਾ ਇਸਤੇਮਾਲ ਕੀਤੀ ਜਾਣ ਵਾਲੀ ਉੱਨ ਅਤੇ ਊਨੀ ਕੱਪੜੇ ਬਣਾਉਣ ਲਈ ਇਸਤੇਮਾਲ ਕੀਤੀ ਜਾਣ ਵਾਲੀ ਉੱਨ ਉੱਪਰ ਚੁੰਗੀ ਇੱਕ ਸਾਮਨ ਹੀ ਹੈ, (ਸਾਲ 1887 ਵਾਸਤੇ ਖਜ਼ਾਨਾ ਸਕੱਤਰ ਦੀ ਸਲਾਨਾ ਰਿਪੋਰਟ, ਵਾਸ਼ਿੰਗਟਨ 1887 ਪੰਨੇ 28, 29) ਜਦੋਂ ਕਿ ਊਨੀ ਕੱਪੜੇ 'ਤੇ ਲਗਾਈ ਜਾਣ ਵਾਲੀ ਚੁੰਗੀ, ਜਦੋਂ ਇਸ ਦਾ ਮੁੱਲ ਪ੍ਰਤੀ ਪੌਂਡ 80 ਸੈਂਟ ਤੋਂ ਵਧੇਰੇ ਨਾ ਹੋਵੇ, 35 ਸੈਂਟ ਹੈ ਅਤੇ ਚੀਜ਼ਾਂ ਦੇ ਅੰਦਾਜ਼ਨ ਮੁੱਲ ਦੇ ਅਨੁਪਾਤ ਵਿੱਚ 35 ਪ੍ਰਤੀਸ਼ਤ ਹੈ, ਜਦ ਕਿ ਊਨੀ ਧਾਗੇ ਤੋਂ ਤਿਆਰ ਹੋਣ ਵਾਲੇ ਕੱਪੜੇ ਉੱਪਰ ਚੁੰਗੀ ਜਦੋਂ ਇਸ ਦਾ ਮੁੱਲ ਪ੍ਰਤੀ ਪੌਂਡ 80 ਸੈਂਟ ਤੋਂ ਵਧੇਰੇ ਨਹੀਂ ਪਾਇਆ ਜਾਂਦਾ, ਪ੍ਰਤੀ ਪੌਂਡ 10 ਤੋਂ 24 ਸੈਂਟ ਅਤੇ ਚੀਜ਼ਾਂ ਦੇ ਅੰਦਾਜ਼ਨ ਮੁੱਲ ਦੇ ਅਨੁਪਾਤ ਵਿੱਚ 35 ਪ੍ਰਤੀਸ਼ਤ ਹੈ। ਕਈ ਮਾਮਲਿਆਂ ਵਿੱਚ ਊਨੀ ਧਾਗੇ ਦੇ ਕੱਪੜੇ ਲਈ ਇਸਤੇਮਾਲ ਕੀਤੀ ਜਾਣ ਵਾਲੀ ਉੱਨ ਉੱਪਰ ਚੁੰਗੀ, ਤਿਆਰ ਮਾਲ ਉੱਪਰ ਲਾਈ ਜਾਣ ਵਾਲੀ ਚੁੰਗੀ ਤੋਂ ਵੀ ਵੱਧ ਜਾਂਦੀ ਹੈ।"

ਜੇਕਰ ਚੁੰਗੀ ਕਾਨੂੰਨ ਵਿੱਚ ਸੁਧਾਰ ਨਾ ਕੀਤਾ ਗਿਆ ਤਾਂ ਇਸ ਤਰ੍ਹਾਂ ਕੱਲ੍ਹ ਜੋ ਘਰੇਲੂ ਉਦਯੋਗ ਲਈ ਸੁਰੱਖਿਆ ਸੀ, ਅੱਜ ਉਹ ਵਿਦੇਸ਼ੀ ਦਰਾਮਦਕਾਰਾਂ ਲਈ ਪੁਰਸਕਾਰ ਬਣ ਜਾਂਦੀ ਹੈ, ਖਜ਼ਾਨਾ ਸਕੱਤਰ ਠੀਕ ਹੀ ਕਹਿੰਦਾ ਹੈ :

"ਇਹ ਵਿਸ਼ਵਾਸ ਕਰਨ ਦੇ ਕਾਫੀ ਕਾਰਨ ਹਨ ਕਿ ਊਨੀ ਧਾਗੇ ਤੋਂ ਕੱਪੜਾ ਤਿਆਰ ਕਰਨ ਵਾਲੇ ਉਦਯੋਗਪਤੀ ਇਸ ਦੇਸ਼ ਵਿੱਚੋਂ ਜਲਦੀ ਹੀ ਖਤਮ ਹੋ ਜਾਣਗੇ।" (ਪੰਨਾ 19)

ਪ੍ਰੰਤੂ ਇਸ ਨੂੰ ਸੋਧਣ ਵਾਸਤੇ, ਇਸ ਸਥਿਤੀ ਤੋਂ ਮੁਨਾਫਾ ਕਮਾਉਣ ਵਾਲੇ ਊਨੀ ਕੱਪੜਾ ਬਣਾਉਣ ਵਾਲੇ ਉਦਯੋਗਪਤੀਆਂ ਨਾਲ ਲੜਨਾ ਪਵੇਗਾ, ਤੁਹਾਨੂੰ ਕਾਂਗਰਸ ਦੇ ਦੋਵਾਂ ਸਦਨਾਂ ਦੇ ਬਹੁਮਤ ਅਤੇ ਨਾਲ ਹੀ ਇਸ ਦੇਸ਼ ਦੀ ਲੋਕ ਰਾਏ ਨੂੰ ਆਪਣੇ ਵਿਚਾਰਾਂ ਦੇ ਅਨੁਸਾਰੀ ਬਣਾਉਣ ਲਈ ਇੱਕ ਨਿਯਮਿਤ ਮੁਹਿੰਮ ਚਲਾਉਣੀ ਹੋਵੇਗੀ ਅਤੇ ਸਵਾਲ ਇਹ ਹੈ ਕਿ ਕੀ ਇਸ ਦਾ ਫਾਇਦਾ ਹੋਵੇਗਾ?

ਪ੍ਰੰਤੂ ਸੁਰੱਖਿਆ ਦਾ ਸਭ ਤੋਂ ਭੈੜਾ ਪੱਖ ਇਹ ਹੈ ਕਿ ਇੱਕ ਵਾਰ ਜਦੋਂ ਤੁਸੀਂ ਇਸ ਨੂੰ ਹਾਸਲ ਕਰ ਲੈਂਦੇ ਹੋ ਤਾਂ ਇਸ ਤੋਂ ਅਸਾਨੀ ਨਾਲ ਖਹਿੜਾ ਨਹੀਂ ਛੁਡਾ ਸਕਦੇ। ਬਰਾਬਰ ਚੁੰਗੀ ਲਗਾਉਣ ਦੀ ਪ੍ਰੀਕਿਰਿਆ ਜਿੰਨੀ ਮੁਸ਼ਕਿਲ ਹੈ, ਸੁਤੰਤਰ ਵਪਾਰ ਵੱਲ ਮੁੜਨਾ ਹੋਰ ਵੀ ਵਧੇਰੇ ਮੁਸ਼ਕਿਲ ਹੈ। ਜਿਹੜੀਆਂ ਹਾਲਤਾਂ ਨੇ ਇੰਗਲੈਂਡ ਨੂੰ ਕੁਝ ਸਾਲਾਂ ਵਿੱਚ ਹੀ ਤਬਦੀਲੀ ਹਾਸਲ ਕਰਨ ਦੀ ਖੁੱਲ੍ਹ ਦਿੱਤੀ, ਉਹ ਦੁਬਾਰਾ ਪੈਦਾ ਨਹੀਂ ਹੋਣਗੀਆਂ। ਇਥੋਂ ਤੱਕ ਕਿ ਉਥੇ ਵੀ ਸੰਘਰਸ਼ 1823 (ਹੱਸਕੀਸਨ) ਤੋਂ ਸ਼ੁਰੂ ਹੋਇਆ ਅਤੇ 1842 (ਪੀਲ ਦੀ ਚੁੰਗੀ) ਵਿੱਚ ਇਸ

ਨੂੰ ਸਫਲਤਾ ਮਿਲਣੀ ਸ਼ੁਰੂ ਹੋਈ ਅਤੇ ਅਨਾਜ ਕਾਨੂੰਨਾਂ ਦੀ ਮਨਸੂਖੀ ਤੋਂ ਬਾਅਦ ਵੀ ਜਾਰੀ ਰਿਹਾ ਸੀ। ਇਸ ਤਰ੍ਹਾਂ ਰੇਸ਼ਮ ਨਿਰਮਾਣ ਨੂੰ ਸੁਰੱਖਿਆ (ਇੱਕੋ ਇੱਕ ਜਿਸ ਨੂੰ ਅਜੇ ਵੀ ਵਿਦੇਸ਼ੀ ਮੁਕਾਬਲੇ ਤੋਂ ਡਰਨਾ ਪੈ ਰਿਹਾ ਸੀ) ਕਈ ਸਾਲਾਂ ਤੱਕ ਜਾਰੀ ਰਹੀ ਅਤੇ ਤਦ ਇਸ ਨੇ ਇੱਕ ਹੋਰ ਸਕਾਰਾਤਮਕ ਪੱਖ ਤੋਂ ਬਦਨਾਮ ਰੂਪ ਧਾਰਨ ਕਰ ਲਿਆ, ਜਦੋਂ ਕੱਪੜਾ ਸੱਨਅਤ ਫੈਕਟਰੀ ਐਕਟ ਅਧੀਨ ਲੈ ਆਂਦੀ ਗਈ, ਜਿਸ ਤਹਿਤ ਔਰਤਾਂ, ਨੌਜਵਾਨਾਂ ਅਤੇ ਬੱਚਿਆਂ ਲਈ ਕੰਮ ਦੇ ਘੰਟਿਆਂ ਦੀ ਹੱਦ ਤੈਅ ਕਰ ਦਿੱਤੀ ਗਈ, ਰੇਸ਼ਮ ਦੇ ਕਿੱਤੇ ਵਾਸਤੇ ਆਮ ਅਸੂਲ ਵਿੱਚ ਕੁਝ ਛੋਟਾਂ ਦਿੱਤੀਆਂ ਗਈਆਂ, ਜਿਸ ਨੇ ਇਸ ਨੂੰ ਬੱਚਿਆਂ ਅਤੇ ਨੌਜਵਾਨ ਵਿਅਕਤੀਆਂ ਕੋਲੋਂ ਵਧੇਰੇ ਸਮਾਂ ਕੰਮ ਕਰਵਾ ਸਕਣ ਦੇ ਯੋਗ ਬਣਾਇਆ। ਪਾਖੰਡੀ ਸੁਤੰਤਰ ਵਪਾਰੀਆਂ ਨੇ ਵਿਦੇਸ਼ੀ ਮੁਕਾਬਲੇ ਦੇ ਸਬੰਧ ਵਿੱਚ ਜਿਸ ਇਜ਼ਾਰੇਦਾਰੀ ਨੂੰ ਖਤਮ ਕੀਤਾ, ਉਹੋ ਇਜ਼ਾਰੇਦਾਰੀ ਉਹਨਾਂ ਅੰਗਰੇਜ਼ ਬੱਚਿਆਂ ਦੀਆਂ ਜ਼ਿੰਦਗੀਆਂ ਅਤੇ ਸਿਹਤ ਦੀ ਕੀਮਤ ਉੱਪਰ ਨਵੇਂ ਸਿਰਿਓਂ ਕਾਇਮ ਕੀਤੀ।

ਪ੍ਰੰਤੂ ਜਦੋਂ ਕਿਸੇ ਦੇਸ਼ ਦੇ ਉਦਯੋਗ ਦੀਆਂ ਸਾਰੀਆਂ ਜਾਂ ਲਗਭਗ ਸਾਰੀਆਂ ਸ਼ਾਖਾਵਾਂ ਖੁੱਲ੍ਹੀ ਮੰਡੀ ਵਿੱਚ ਵਿਦੇਸ਼ੀ ਮੁਕਾਬਲੇ ਨੂੰ ਚੁਣੌਤੀ ਦੇ ਸਕਦੀਆਂ ਹੋਣ, ਉਸ ਸਮੇਂ ਕੋਈ ਵੀ ਦੇਸ਼ ਸੁਰੱਖਿਆ ਤੋਂ ਸੁਤੰਤਰ ਵਪਾਰ ਵੱਲ ਦੁਬਾਰਾ ਨਹੀਂ ਆ ਸਕੇਗਾ। ਇਥੋਂ ਤੱਕ ਕਿ ਅਜਿਹੀ ਖੁਸ਼ੀ ਭਰੀ ਹਾਲਤ ਦੀ ਉਮੀਦ ਕਰਨ ਤੋਂ ਬਹੁਤ ਪਹਿਲਾਂ ਹੀ ਤਬਦੀਲੀ ਦੀ ਜ਼ਰੂਰਤ ਆਣ ਖੜ੍ਹੇਗੀ। ਉਹ ਜ਼ਰੂਰ ਖ਼ੁਦ ਨੂੰ ਵੱਖ-ਵੱਖ ਕਿੱਤਿਆਂ ਵਿੱਚ ਵੱਖ-ਵੱਖ ਸਮੇਂ ਪ੍ਰਗਟ ਕਰੇਗੀ ਅਤੇ ਇਹਨਾਂ ਕਿੱਤਿਆਂ ਦੇ ਟਕਰਾਵੇਂ ਹਿੱਤਾਂ ਵਿਚੋਂ ਸਭ ਤੋਂ ਵੱਧ ਉੱਚਾ ਉੱਠਣ ਵਾਲੇ ਝਗੜੇ, ਗੰਵਾਰੂ ਗੁਪਤ ਯੋਜਨਾਵਾਂ ਅਤੇ ਸੰਸਦੀ ਸਾਜਿਸ਼ਾਂ ਜਨਮ ਲੈਣਗੀਆਂ। ਮਸ਼ੀਨਿਸਟ, ਇੰਜੀਨੀਅਰ ਅਤੇ ਜਹਾਜ਼ ਨਿਰਮਾਤਾ ਦੇਖ ਸਕਦੇ ਹਨ ਕਿ ਲੋਹਾ ਉਤਪਾਦਕ ਨੂੰ ਪ੍ਰਦਾਨ ਕੀਤੀ ਸੁਰੱਖਿਆ ਨੇ ਉਸ ਦੀਆਂ ਚੀਜ਼ਾਂ ਦੇ ਭਾਅ ਚੁੱਕ ਦਿੱਤੇ ਹਨ, ਇਸ ਕਾਰਨ ਅਤੇ ਸਿਰਫ ਇਸ ਕਾਰਨ ਉਸ ਦਾ ਨਿਰਯਾਤ ਦਾ ਧੰਦਾ ਬੰਦ ਹੋ ਗਿਆ ਹੈ, ਸੂਤੀ ਕੱਪੜੇ ਦਾ ਨਿਰਮਾਤਾ ਚੀਨੀ ਅਤੇ ਭਾਰਤੀ ਮੰਡੀਆਂ ਵਿੱਚ ਬ੍ਰਿਟਿਸ਼ ਕੱਪੜੇ ਨੂੰ ਕੱਢ ਬਾਹਰ ਕਰਨ ਦਾ ਆਪਣਾ ਰਾਹ ਵੇਖੇਗਾ, ਪ੍ਰੰਤੂ ਬੁਣਕਰ ਨੂੰ ਜੋ ਸੁਰੱਖਿਆ ਪ੍ਰਦਾਨ ਕੀਤੀ ਗਈ ਉਸ ਦੀ ਵਜ੍ਹਾ ਨਾਲ ਉਸ ਨੂੰ ਸੂਤ ਲਈ ਜੋ ਵਧੇਰੇ ਕੀਮਤ ਚੁਕਾਉਣੀ ਪੈਂਦੀ ਹੈ, ਉਸ ਕਾਰਨ ਉਹ ਅਜਿਹਾ ਨਹੀਂ ਕਰ ਸਕੇਗਾ ਅਤੇ ਅਜਿਹਾ ਹੀ ਬਹੁਤ ਕੁਝ। ਪਰ ਜਦੋਂ ਕੌਮੀ ਸਨਅਤ ਦੀ ਇੱਕ ਸ਼ਾਖ ਪੂਰੀ ਤਰ੍ਹਾਂ ਘਰੇਲੂ ਮੰਡੀ ਨੂੰ ਜਿੱਤ ਲੈਂਦੀ ਹੈ, ਉਸੇ ਪਲ ਨਿਰਯਾਤ ਇਸ ਦੀ ਜ਼ਰੂਰਤ ਬਣ ਜਾਂਦੀ ਹੈ। ਪੂੰਜੀਵਾਦੀ ਹਾਲਤਾਂ ਅਧੀਨ ਇੱਕ ਸਨਅਤ ਜਾਂ ਤਾਂ ਫੈਲਦੀ ਹੈ ਜਾਂ ਖਤਮ ਹੁੰਦੀ ਹੈ। ਕੋਈ ਕਿੱਤਾ ਸਥਿਰ ਨਹੀਂ ਰਹਿ ਸਕਦਾ, ਪਸਾਰੇ ਦਾ ਰੁਕਣਾ ਤਬਾਹੀ ਦੇ ਤੁੱਲ ਹੈ, ਰਸਾਇਣਕ ਅਤੇ ਮਸ਼ੀਨੀ ਖੋਜ ਦੀ ਤਰੱਕੀ ਮਨੁੱਖੀ ਕਿਰਤ ਨੂੰ ਲਗਾਤਾਰ ਲਾਂਭੇ ਕਰਦੇ ਜਾਣ ਨਾਲ ਅਤੇ ਵਧੇਰੇ ਤੇਜ਼ੀ ਨਾਲ ਪੂੰਜੀ ਦੇ ਵਾਧੇ ਅਤੇ ਸੰਕੇਦਰਣ ਨਾਲ, ਹਰ ਇੱਕ ਖੜੋਤ ਮਾਰੀ ਸੱਨਅਤ ਵਿੱਚ ਪੂੰਜੀ ਅਤੇ ਕਿਰਤ ਦੀ ਬਹੁਤਾਤ ਵੀ ਪੈਦਾ ਕਰਦੀ ਹੈ, ਇੱਕ ਬਹੁਤਾਤ ਜਿਸ ਨੂੰ ਕਿਧਰੇ ਵੀ ਮੂੰਹਾ ਨਹੀਂ ਮਿਲਦਾ, ਕਿਉਂਕਿ ਬਿਲਕੁਲ ਇਹੋ ਪ੍ਰੀਕ੍ਰਿਆ ਹੈ ਜੋ ਸਭ ਸੱਨਅਤਾਂ ਵਿੱਚ ਚੱਲ ਰਹੀ ਹੁੰਦੀ ਹੈ। ਇਸ ਤਰ੍ਹਾਂ ਘਰੇਲੂ ਮੰਡੀ ਤੋਂ ਨਿਰਯਾਤ ਵੱਲ ਮੁੜਨਾ ਸੰਬੰਧਤ ਸੱਨਅਤ ਲਈ

ਜ਼ਿੰਦਗੀ ਅਤੇ ਮੌਤ ਦਾ ਸਵਾਲ ਬਣ ਜਾਂਦਾ ਹੈ ਪ੍ਰੰਤੂ ਉਹਨਾਂ ਨੂੰ ਸਥਾਪਿਤ ਹੱਕਾਂ ਅਤੇ ਦੂਸਰਿਆਂ ਦੇ ਨਿਹਿਤ ਸਵਾਰਥਾਂ ਜੋ ਅਜੇ ਵੀ ਸੁਤੰਤਰ ਵਪਾਰ ਨਾਲੋਂ ਸੁਰੱਖਿਆ ਨੂੰ ਜਾਂ ਤਾਂ ਵਧੇਰੇ ਮੁਨਾਫੇ ਵਾਲਾ ਸਮਝਦੇ ਹਨ, ਨਾਲ ਮੜਿੱਕਣਾ ਪੈਂਦਾ ਹੈ। ਤਦ ਸੁਤੰਤਰ ਵਪਾਰੀਆਂ ਅਤੇ ਸੁਰੱਖਿਆਵਾਦੀਆਂ ਵਿਚਕਾਰ ਇੱਕ ਲੰਬੀ ਅਤੇ ਹਠੀ ਲੜਾਈ ਸ਼ੁਰੂ ਹੁੰਦੀ ਹੈ, ਇੱਕ ਲੜਾਈ ਜਿਥੇ ਦੋਵੇਂ ਪਾਸੇ ਅਗਵਾਈ ਉਹਨਾਂ ਲੋਕਾਂ ਹੱਥੋਂ ਜਿਹਨਾਂ ਦੀ ਇਸ ਵਿੱਚ ਸਿੱਧੀ ਦਿਲਚਸਪੀ ਹੈ, ਖਿਸਕ ਕੇ ਰਵਾਇਤੀ ਰਾਜਨੀਤਕ ਪਾਰਟੀਆਂ ਦੀ ਡੋਰੀ ਖਿੱਚਣ ਵਾਲੇ ਪੇਸ਼ੇਵਰ ਸਿਆਸਤਦਾਨਾਂ ਦੇ ਹੱਥ ਚਲੀ ਜਾਂਦੀ ਹੈ, ਜਿਹਨਾਂ ਦਾ ਹਿੱਤ ਸਵਾਲ ਦੇ ਹੱਲ ਵਿੱਚ ਨਹੀਂ ਸਗੋਂ ਇਸ ਨੂੰ ਹਮੇਸ਼ਾ ਵਾਸਤੇ ਖੁੱਲ੍ਹਾ ਰੱਖਣ ਵਿੱਚ ਹੁੰਦਾ ਹੈ, ਇਸ ਦਾ ਨਤੀਜਾ, ਸਮਝੌਤਿਆਂ ਦੀ ਇੱਕ ਲੜੀ ਵਿੱਚ, ਕਦੇ ਇੱਕ ਦਾ ਅਤੇ ਕਦੇ ਦੂਸਰੇ ਦਾ ਪੱਖ ਲੈਣ ਵਿੱਚ, ਸਮੇਂ, ਊਰਜਾ ਅਤੇ ਪੈਸੇ ਦੀ ਅਥਾਹ ਬਰਬਾਦੀ ਹੁੰਦੀ ਹੈ, ਇਸੇ ਸਮੇਂ ਦੌਰਾਨ ਜਦੋਂ ਤੱਕ ਸੁਰੱਖਿਆ ਕਾਇਮ ਹੈ, ਹੌਲੀ-ਹੌਲੀ ਭਾਵੇਂ ਸ਼ਾਹੀ ਅੰਦਾਜ਼ ਵਿੱਚ ਨਹੀਂ, ਸੁਤੰਤਰ ਵਪਾਰ ਦੀ ਦਿਸ਼ਾ ਵਿੱਚ ਵਧਣਾ, ਇਸ ਨੂੰ ਕੰਮ ਖਾਤਰ ਬਿਲਕੁਲ ਹੀ ਅਸਹਿ ਬਣਾ ਦਿੰਦਾ ਹੈ, ਜਿਵੇਂ ਕਿ ਹੁਣ ਅਮਰੀਕਾ ਦੇ ਮਾਮਲੇ ਵਿੱਚ ਹੈ।

ਇਥੇ ਸੁਰੱਖਿਆ ਦੀ ਇੱਕ ਹੋਰ ਕਿਸਮ ਵੀ ਹੈ, ਜੋ ਸਭ ਤੋਂ ਭੈੜੀ ਹੈ, ਅਤੇ ਉਹ ਜਰਮਨੀ ਵਿੱਚ ਵੇਖੀ ਜਾ ਸਕਦੀ ਹੈ। ਜਰਮਨੀ ਨੇ ਵੀ 1815 ਵਿੱਚ ਸਨਅਤ ਦੇ ਤੇਜ਼ ਵਿਕਾਸ ਦੀ ਜ਼ਰੂਰਤ ਮਹਿਸੂਸ ਕਰਨੀ ਸ਼ੁਰੂ ਕੀਤੀ। ਪ੍ਰੰਤੂ ਇਸ ਦੀ ਪਹਿਲੀ ਸ਼ਰਤ ਛੋਟੇ ਜਰਮਨ ਰਾਜਾਂ ਦੁਆਰਾ ਬਣਾਏ ਕਈ ਕਿਸਮ ਦੇ ਵਿੱਤੀ ਕਾਨੂੰਨਾਂ ਅਤੇ ਅਣਗਿਣਤ ਕਸਟਮ ਪ੍ਰਬੰਧਾਂ ਨੂੰ ਖਤਮ ਕਰਕੇ, ਦੂਸਰੇ ਸ਼ਬਦਾਂ ਵਿੱਚ ਜਰਮਨ ਕਸਟਮਜ਼ ਯੂਨੀਅਨ ਜਾਂ ਜੋਲਵੇਰੀ ਦੇ ਗਠਨ ਰਾਹੀਂ, ਘਰੇਲੂ ਮੰਡੀ ਦਾ ਨਿਰਮਾਣ ਕਰਨਾ ਸੀ। ਇਹ ਉਦਾਰ ਚੁੰਗੀ ਦੇ ਆਧਾਰ 'ਤੇ ਹੀ ਕੀਤਾ ਜਾ ਸਕਦਾ ਸੀ, ਜੋ ਘਰੇਲੂ ਪੈਦਾਵਾਰ ਨੂੰ ਬਚਾਉਣ ਨਾਲੋਂ ਵਧੇਰੇ ਸਾਂਝੀ ਰਾਜਕੀ ਆਮਦਨ ਇਕੱਠੀ ਕਰਨ ਲਈ ਹੋਵੇ। ਹੋਰ ਕਿਸੇ ਵੀ ਸ਼ਰਤ ਉੱਪਰ ਛੋਟੀਆਂ ਰਿਆਸਤਾਂ ਨੂੰ ਜੋੜਿਆ ਨਹੀਂ ਜਾ ਸਕਦਾ ਸੀ। ਇਸ ਤਰ੍ਹਾਂ ਨਵੀਂ ਜਰਮਨ ਚੁੰਗੀ, ਭਾਵੇਂ ਕੁਝ ਕਿੱਤਿਆਂ ਲਈ ਥੋੜ੍ਹੀ ਸੁਰੱਖਿਆ ਦਿੰਦੀ ਸੀ, ਆਪਣੇ ਹੋਂਦ ਵਿੱਚ ਆਉਣ ਸਮੇਂ ਸੁਤੰਤਰ ਵਪਾਰ ਕਾਨੂੰਨ ਦਾ ਮਾਡਲ ਸੀ ਅਤੇ ਇਹ 1830 ਤੱਕ ਇਸ ਹਾਲਤ ਵਿੱਚ ਰਹੀ ਜਦੋਂ ਬਹੁਗਿਣਤੀ ਜਰਮਨ ਸਨਅਤਕਾਰਾਂ ਨੇ ਸੁਰੱਖਿਆ ਵਾਸਤੇ ਚੀਕਣਾ ਸ਼ੁਰੂ ਕਰ ਦਿੱਤਾ। ਤਦ ਵੀ ਇਸ ਅੱਤ ਉਦਾਰ ਚੁੰਗੀ ਪ੍ਰਬੰਧ ਅਧੀਨ ਇਸ ਦੇ ਬਾਵਜੂਦ ਕਿ ਜਰਮਨ ਘਰੇਲੂ ਸਨਅਤ ਸਰੀਰਕ ਕਿਰਤ ਉੱਪਰ ਨਿਰਭਰ ਸੀ, ਭਾਫ ਨਾਲ ਚੱਲਣ ਵਾਲੀ ਬ੍ਰਿਟਿਸ਼ ਸਨਅਤ ਦੁਆਰਾ ਬੇਰਹਿਮੀ ਨਾਲ ਕੁਚਲ ਦਿੱਤੀ ਗਈ, ਜਰਮਨੀ ਵਿੱਚ ਵੀ ਸਰੀਰਕ ਕਿਰਤ ਤੋਂ ਮਸ਼ੀਨਰੀ ਵੱਲ ਤਬਦੀਲੀ ਹੌਲੀ ਹੌਲੀ ਹਾਸਲ ਕਰ ਲਈ ਗਈ ਅਤੇ ਹੁਣ ਲਗਭਗ ਇਹ ਤਬਦੀਲੀ ਪੂਰੀ ਹੋ ਚੁੱਕੀ ਹੈ, ਜਰਮਨੀ ਦੀ ਖੇਤੀ ਤੋਂ ਸਨਅਤ ਵਿੱਚ ਰੂਪ ਬਦਲੀ ਵੀ ਉਸੇ ਰਫਤਾਰ ਨਾਲ ਚੱਲਦੀ ਰਹੀ, 1866 ਤੱਕ ਲਾਹੇਵੰਦੀਆਂ ਰਾਜਨੀਤਕ ਘਟਨਾਵਾਂ ਨੇ ਵੀ ਮਦਦ ਕੀਤੀ ਸੀ ਜਿਹਨਾਂ ਵਿੱਚ ਇੱਕ ਮਜ਼ਬੂਤ ਕੇਂਦਰੀ ਸਰਕਾਰ ਦੀ ਸਥਾਪਨਾ, ਸੰਘੀ ਨਿਆਂਪਾਲਕਾ, ਵਪਾਰ ਅਤੇ ਅਹਿਮ ਰੂਪ ਵਿਚ ਫਰਾਂਸੀਸੀ ਮਿਲੀਅਰਡ (ਅਰਬ) ਦੇ ਹੜ੍ਹ ਨੂੰ ਨਿਯਮਤ ਕਰਨ ਵਾਲੇ ਇੱਕ ਸਾਰ

ਕਾਨੂੰਨ ਦੀ ਯਕੀਨ ਦਿਹਾਨੀ ਸ਼ਾਮਿਲ ਸੀ। ਇਸ ਤਰ੍ਹਾਂ 1874 ਦੇ ਕਰੀਬ ਜਰਮਨ ਵਪਾਰ ਗ੍ਰੇਟ ਬ੍ਰਿਟਨ ਦੇ ਵਪਾਰ ਤੋਂ ਵੀ ਅੱਗੇ ਸੀ (*1874 ਵਿੱਚ ਆਯਾਤ, ਨਿਰਯਾਤ ਦੇ ਰੂਪ ਵਿਚ ਆਮ ਵਪਾਰ ਮਿਲੀਅਨ ਡਾਲਰਾਂ ਵਿੱਚ ਇਸ ਪ੍ਰਕਾਰ ਸੀ : ਗ੍ਰੇਟ ਬ੍ਰਿਟੇਨ : 3300, ਜਰਮਨੀ 2325, ਫਰਾਂਸ 1665, ਅਮਰੀਕਾ 1245 ਕੋਲਬ, ਸਟੈਟਿਸਟਿਕ 7ਵੀਂ ਐਡੀਸ਼ਨ ਲੀਪਜਿਗ, 1875 ਪੰਨਾ 790) ਅਤੇ ਜਰਮਨੀ ਕਿਸੇ ਵੀ ਸਨਅਤ ਅਤੇ ਰੇਲ ਇੰਜਣ ਵਾਸਤੇ ਕਿਸੇ ਵੀ ਹੋਰ ਯੂਰਪੀਨ ਦੇਸ਼ ਤੋਂ ਵਧੇਰੇ ਭਾਫ ਇਸਤੇਮਾਲ ਕਰਦਾ ਸੀ। ਉਸ ਵੱਡੀ ਸ਼ੁਰੂਆਤ ਦੇ ਬਾਵਜੂਦ ਜਿਹੜੀ ਇੰਗਲਿਸ਼ ਸਨਅਤ ਨੇ ਹਾਸਲ ਕੀਤੀ ਸੀ, ਇਸ ਗੱਲ ਦੇ ਸਬੂਤ ਹਨ ਕਿ ਅੱਜ ਵੀ ਕੋਈ ਵੱਡਾ ਦੇਸ਼ ਖੁੱਲ੍ਹੀ ਮੰਡੀ ਵਿੱਚ ਇੰਗਲੈਂਡ ਨਾਲ ਸਫਲਤਾਪੂਰਵਕ ਮੁਕਾਬਲਾ ਕਰ ਸਕਦਾ ਹੈ।

ਤਦ ਇੱਕ ਦਮ, ਮੋਰਚੇ ਉੱਪਰ ਤਬਦੀਲੀ ਹੋਈ, ਉਸ ਪਲ ਜਦੋਂ ਉਸ ਵਾਸਤੇ ਸੁਤੰਤਰ ਵਪਾਰ ਹਮੇਸ਼ਾਂ ਵਧੇਰੇ ਜ਼ਰੂਰੀ ਜਾਪਦਾ ਸੀ, ਜਰਮਨੀ ਸੁਰੱਖਿਆਵਾਦੀ ਹੋ ਗਿਆ। ਬਿਨਾਂ ਸ਼ੱਕ ਤਬਦੀਲੀ ਮੂਰਖਤਾਪੂਰਨ ਸੀ, ਪਰ ਇਸ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਜਰਮਨੀ ਇੱਕ ਅਨਾਜ ਨਿਰਯਾਤਕ ਦੇਸ਼ ਹੋਣ ਕਰਕੇ, ਇਸ ਦੇ ਖੇਤੀਬਾੜੀ ਦੇ ਹਿੱਤ ਜੋ ਕਿ ਕਿਸੇ ਵੀ ਤਰ੍ਹਾਂ ਜਹਾਜ਼ਾਂ ਦੇ ਵਪਾਰ ਤੋਂ ਘੱਟ ਨਹੀਂ ਸਨ, ਸੁਤੰਤਰ ਵਪਾਰ ਦੇ ਉਤਸ਼ਾਹੀ ਸਮਰਥਕ ਰਹੇ ਹਨ। ਪ੍ਰੰਤੂ 1874 ਵਿੱਚ ਨਿਰਯਾਤ ਕਰਨ ਦੀ ਬਜਾਏ ਜਰਮਨੀ ਨੂੰ ਵਿਦੇਸ਼ਾਂ ਤੋਂ ਵੱਡੀ ਮਾਤਰਾ ਵਿੱਚ ਅਨਾਜ ਦੀ ਪੂਰਤੀ ਦੀ ਜ਼ਰੂਰਤ ਆਣ ਪਈ। ਉਸ ਸਮੇਂ ਤੱਕ ਅਮਰੀਕਾ ਨੇ ਯੂਰਪ ਵਿੱਚ ਸਸਤੇ ਅਨਾਜ ਦਾ ਹੜ੍ਹ ਲਿਆਉਣਾ ਸ਼ੁਰੂ ਕਰ ਦਿੱਤਾ, ਜਿੱਥੇ ਵੀ ਉਹ ਗਿਆ, ਉਸ ਨੇ ਜ਼ਮੀਨ ਤੋਂ ਹਾਸਲ ਹੋਣ ਵਾਲੀ ਮੁਦਰਾ ਆਮਦਨ ਹੇਠਾਂ ਲੇ ਆਂਦੀ ਅਤੇ ਨਤੀਜਨ ਲਗਾਨ ਵੀ ਘਟ ਗਿਆ, ਉਸੇ ਤੋਂ ਸਾਰੇ ਯੂਰਪ ਵਿੱਚ ਖੇਤੀਬਾੜੀ ਦੇ ਹਿੱਤ ਸੁਰੱਖਿਆ ਵਾਸਤੇ ਚੀਕਣ ਲੱਗੇ। ਉਸ ਸਮੇਂ ਜਰਮਨ ਸਨਅਤਕਾਰ ਫਰਾਂਸੀਸੀ ਮਿਲੀਅਰਡ ਦੇ ਵਹਿਣ ਦੀ ਬਦੌਲਤ ਹੋਏ ਲਾਪ੍ਰਵਾਹ ਵਧਵੇਂ ਵਪਾਰ ਤੋਂ ਦੁਖੀ ਸਨ, ਜਦੋਂ ਕਿ ਇੰਗਲੈਂਡ ਨੇ ਜਿਸ ਦਾ ਵਪਾਰ 1866 ਦੇ ਸੰਕਟ ਵੇਲੇ ਤੋਂ ਹੀ ਦੀਰਘਕਾਲੀ ਮੰਦੀ ਦੀ ਹਾਲਤ ਵਿੱਚ ਸੀ, ਸਭ ਹਾਸਲ ਮੰਡੀਆਂ ਨੂੰ, ਘਰੇਲੂ ਮੰਡੀ ਵਿੱਚ ਨਾ ਵਿਕ ਸਕਣਯੋਗ ਵਸਤਾਂ ਨਾਲ ਭਰ ਦਿੱਤਾ ਅਤੇ ਇਹ ਵਸਤਾਂ ਵਿਦੇਸ਼ਾਂ ਨੂੰ ਤਬਾਹਕੁੰਨ ਘੱਟ ਕੀਮਤਾਂ ਉੱਪਰ ਭੇਜੀਆਂ ਗਈਆਂ। ਇਸ ਤਰ੍ਹਾਂ ਜਰਮਨ ਸਨਅਤਕਾਰਾਂ ਨੇ ਜੋ ਭਾਵੇਂ ਸਭ ਤੋਂ ਪਹਿਲਾਂ ਨਿਰਯਾਤ ਉੱਪਰ ਨਿਰਭਰ ਸਨ, ਸੁਰੱਖਿਆ ਨੂੰ ਘਰੇਲੂ ਮੰਡੀ ਨੂੰ ਸਿਰਫ ਖੁਦ ਵਾਸਤੇ ਸੁਰੱਖਿਅਤ ਰੱਖਣ ਦੇ ਜ਼ਰੀਏ ਵਜੋਂ ਵੇਖਣਾ ਸ਼ੁਰੂ ਕਰ ਦਿੱਤਾ। ਸਰਕਾਰ ਜੋ ਕਿ ਪੂਰੀ ਤਰ੍ਹਾਂ ਭੂ-ਕੁਲੀਨਸ਼ਾਹੀ ਅਤੇ ਜਗੀਰਦਾਰਾਂ ਦੇ ਹੱਥ ਵਿੱਚ ਸੀ, ਇਸ ਮੌਕੇ ਦਾ ਫਾਇਦਾ ਲੈਣ ਲਈ ਬਹੁਤ ਖੁਸ਼ ਸੀ ਤਾਂ ਜਗੀਰਦਾਰਾਂ ਅਤੇ ਸਨਅਤਕਾਰਾਂ ਦੋਹਾਂ ਨੂੰ ਸੁਰੱਖਿਅਤ ਕਰ ਮੁਹੱਈਆ ਕਰਕੇ, ਜ਼ਮੀਨ ਦਾ ਲਗਾਨ ਹਾਸਲ ਕਰਨ ਵਾਲਿਆਂ ਨੂੰ ਫਾਇਦਾ ਪਹੁੰਚਾਇਆ ਜਾ ਸਕੇ। 1878 ਵਿੱਚ ਖੇਤੀ ਜਿਣਸਾਂ ਅਤੇ ਸਨਅਤੀ ਮਾਲ ਦੋਵਾਂ ਉੱਪਰ ਉੱਚੇ ਸੁਰੱਖਿਆ ਕਰ ਲਗਾ ਦਿੱਤੇ ਗਏ।

ਇਸ ਦਾ ਨਤੀਜਾ ਇਹ ਹੋਇਆ ਕਿ ਜਰਮਨ ਸਨਅਤੀ ਮਾਲ ਦਾ ਨਿਰਯਾਤ ਘਰੇਲੂ ਉਪਭੋਗਤਾਵਾਂ ਦੀ ਸਿੱਧੀ ਕੀਮਤ ਉੱਪਰ ਕੀਤਾ ਗਿਆ। ਜਿੱਥੇ ਵੀ ਕਿਤੇ ਸੰਭਵ ਸੀ

ਨਿਰਯਾਤ ਵਪਾਰ ਅਤੇ ਇੱਥੋਂ ਤੱਕ ਜਰਮਨੀ 'ਚ ਲੋਹੇ ਦਾ ਵਪਾਰ ਕੁਝ ਕੁ ਵੱਡੀਆਂ ਫਰਮਾਂ, ਜ਼ਿਆਦਾਤਰ ਜੁਆਇੰਟ ਸਟਾਕ ਕੰਪਨੀਆਂ ਦੇ ਹੱਥ 'ਚ ਹੈ, ਜੋ ਕਿ ਜਿੰਨੀ ਔਸਤ ਖਪਤ ਦੇਸ਼ ਵਿੱਚ ਹੋ ਸਕਦੀ ਹੈ ਤੋਂ ਚਾਰ ਗੁਣਾ ਵਧੇਰੇ ਲੋਹਾ ਪੈਦਾ ਕਰ ਸਕਦੀਆਂ ਹਨ। ਬੇਲੋੜੇ ਆਪਸੀ ਮੁਕਾਬਲੇ ਤੋਂ ਬਚਣ ਵਾਸਤੇ ਇਹਨਾਂ ਫਰਮਾਂ ਨੇ ਇੱਕ ਟਰੱਸਟ ਬਣਾ ਲਿਆ ਹੈ, ਜੋ ਸਾਰੇ ਵਿਦੇਸ਼ੀ ਠੇਕਿਆਂ ਦੀ ਉਹਨਾਂ ਵਿਚਕਾਰ ਵੰਡ ਕਰਦਾ ਹੈ, ਹਰ ਮਾਮਲੇ ਵਿਚ ਉਹ ਤੈਅ ਕਰਦਾ ਹੈ ਕਿ ਕਿਹੜੀ ਫਰਮ ਅਸਲ ਟੈਂਡਰ ਭਰੇਗੀ। ਇੱਥੋਂ ਤੱਕ ਕਿ ਇਹ "ਟਰੱਸਟ" ਕੁਝ ਸਾਲ ਪਹਿਲਾਂ, ਅੰਗਰੇਜ਼ ਲੋਹਾ ਸਨਅਤਕਾਰਾਂ ਨਾਲ ਇੱਕ ਸਮਝੌਤੇ ਤੇ ਅੱਪੜ ਗਿਆ ਸੀ, ਪ੍ਰੰਤੂ ਇਹ ਜ਼ਿਆਦਾ ਦੇਰ ਤੱਕ ਨਾ ਚੱਲ ਸਕਿਆ। ਇਸੇ ਤਰ੍ਹਾਂ ਪੈਦਾਵਾਰ, ਠੇਕੇ ਦੇ ਟੈਂਡਰ ਅਤੇ ਕੀਮਤਾਂ ਨੂੰ ਨਿਯਮਤ ਕਰਨ ਵਾਸਤੇ ਵੈਸਟਫੇਲੀਅਨ ਕੋਲ ਖਾਣਾਂ (ਜੋ ਸਲਾਨਾ 30 ਮਿਲੀਅਨ ਟਨ ਕੋਲਾ ਪੈਦਾ ਕਰਦੀਆਂ ਹਨ) ਨੇ ਵੀ ਇੱਕ ਟਰੱਸਟ ਬਣਾ ਲਿਆ ਸੀ। ਇਸੇ ਵੇਲੇ ਜਰਮਨ ਸਨਅਤਕਾਰ ਤੁਹਾਨੂੰ ਦੱਸੇਗਾ ਕਿ ਸੁਰੱਖਿਆ ਕਰਾਂ ਨੇ ਉਸ ਵਾਸਤੇ ਜੋ ਕੰਮ ਕੀਤਾ ਉਹ ਇਹ ਕਿ ਉਸਨੂੰ ਵਿਦੇਸ਼ਾਂ ਵਿੱਚ ਜੋ ਤਬਾਹਕੁੰਨ ਕੀਮਤਾਂ ਮਿਲ ਰਹੀਆਂ ਸਨ ਤੋਂ ਬਚਾ ਲਿਆ ਅਤੇ ਉਸਨੂੰ ਘਰੇਲੂ ਮੰਡੀ ਨੂੰ ਮੁੜ ਹਾਸਲ ਕਰਨ ਦੇ ਯੋਗ ਬਣਾ ਦਿੱਤਾ। ਇਹੋ ਹੀ ਸਭ ਕੁਝ ਨਹੀਂ ਹੈ। ਇਹ ਸੁਰੱਖਿਆ ਦਾ ਮੂਰਖਤਾਪੂਰਨ ਪ੍ਰਬੰਧ ਹੋਰ ਕੁਝ ਨਹੀਂ ਸਿਰਫ਼ ਸਨਅਤੀ ਪੂੰਜੀਪਤੀਆਂ ਨੂੰ ਫੁਸਲਾਉਣ ਲਈ ਸੁਟਿਆ ਗਿਆ ਇੱਕ ਟੁਕੜਾ ਹੈ ਤਾਂ ਕਿ ਉਹ ਜਗੀਰਦਾਰਾਂ ਨੂੰ ਪ੍ਰਦਾਨ ਕੀਤੀ ਗਈ ਹੋਰ ਵੀ ਵਧੇਰੇ ਨਿਰਲੱਜ ਇਜਾਰੇਦਾਰੀ ਦਾ ਸਮਰਥਨ ਕਰਨ। ਨਾ ਸਿਰਫ਼ ਸਭ ਖੇਤੀ ਵਸਤਾਂ ਉੱਪਰ ਭਾਰੀ ਦਰਾਮਦ ਕਰ ਲਗਾਏ ਗਏ ਹਨ ਜੋ ਕਿ ਹਰ ਸਾਲ ਵਧਦੇ ਜਾਂਦੇ ਹਨ ਬਲਕਿ ਕੁਝ ਖਾਸ ਪੇਂਡੂ ਸਨਅਤਾਂ ਵੱਡੀਆਂ ਜਗੀਰਾਂ ਉੱਤੇ ਚਲਾਈਆਂ ਜਾਂਦੀਆਂ ਹਨ, ਜਿਸਦਾ ਕਿ ਬੋਝ ਜਨਤਾ ਉੱਪਰ ਪੈਂਦਾ ਹੈ। ਚੁਕੰਦਰ ਦੀ ਖੰਡ ਦੇ ਉਤਪਾਦਨ ਨੂੰ ਨਾ ਸਿਰਫ ਸੁਰੱਖਿਆ ਦਿੱਤੀ ਗਈ ਹੈ, ਬਲਕਿ ਇਸਨੂੰ ਨਿਰਯਾਤ ਪੁਰਸਕਾਰ ਦੇ ਤੌਰ ਉੱਤੇ ਵੱਡੀਆਂ ਰਕਮਾਂ ਵੀ ਦਿੱਤੀਆਂ ਜਾਂਦੀਆਂ ਹਨ। ਜੋ ਵੀ ਇਹ ਸੁਣੇਗਾ ਉਸਦੀ ਜ਼ਰੂਰ ਹੀ ਇਹ ਰਾਇ ਹੋਵੇਗੀ ਕਿ ਜੇਕਰ ਸਾਰੀ ਨਿਰਯਾਤ ਕੀਤੀ ਖੰਡ ਸਮੁੰਦਰ ਵਿੱਚ ਸੁੱਟ ਦਿੱਤੀ ਜਾਵੇ ਤਾਂ ਵੀ ਸਨਅਤਕਾਰ ਸਰਕਾਰੀ ਮੁਆਵਜ਼ੇ ਤੋਂ ਹੀ ਮੁਨਾਫ਼ਾ ਕਮਾ ਲਵੇਗਾ। ਇਸੇ ਤਰ੍ਹਾਂ ਆਲੂ ਤੋਂ ਸਪਿਰਟ ਤਿਆਰ ਕਰਨ ਵਾਲੀਆਂ ਡਿਸਟਿਲਰੀਆਂ, ਤਾਜ਼ੇ ਕਨੂੰਨ ਦੀ ਬਦੌਲਤ ਲੋਕਾਂ ਦੀਆਂ ਜੇਬਾਂ ਵਿੱਚੋਂ ਨੌਂ ਮਿਲੀਅਨ ਡਾਲਰ ਸਲਾਨਾ ਦਾ ਤੋਹਫਾ ਹਾਸਲ ਕਰਨਗੀਆਂ। ਉੱਤਰ ਪੂਰਬੀ ਜਰਮਨੀ ਦਾ ਹਰ ਵੱਡਾ ਭੂਮੀਪਤੀ ਭਾਵੇਂ ਉਹ ਚੁਕੰਦਰ ਤੋਂ ਖੰਡ ਉਤਪਾਦਨ ਕਰਨ ਵਾਲਾ ਹੋਵੇ ਜਾਂ ਆਲੂ ਤੋਂ ਸਪਿਰਿਟ ਤਿਆਰ ਕਰਨ ਵਾਲੀ ਡਿਸਟਿਲਰੀ ਦਾ ਮਾਲਕ ਜਾਂ ਦੋਵੇਂ ਹੀ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਸੰਸਾਰ ਵਿੱਚ ਸੱਚਮੁੱਚ ਹੀ ਉਹਨਾਂ ਦੇ ਉਤਪਾਦਨ ਦਾ ਹੜ੍ਹ ਆ ਜਾਂਦਾ ਹੈ।

ਕਿਸੇ ਵੀ ਹਾਲਤ ਵਿੱਚ ਇਹ ਨੀਤੀ ਤਬਾਹਕੁੰਨ ਹੈ, ਉਸ ਦੇਸ਼ ਲਈ ਜਿਹੜਾ ਨਿਰਪੱਖ ਮੰਡੀਆਂ ਵਿੱਚ ਮੁੱਖ ਰੂਪ ਵਿੱਚ ਸਸਤੀ ਕਿਰਤ ਆਸਰੇ ਖੜ੍ਹਾ ਹੈ, ਦੋ ਵਾਰ ਸੱਚ ਹੈ। ਵਧੇਰੇ ਆਬਾਦੀ ਕਾਰਨ (ਜੋ ਕਿ ਪ੍ਰਵਾਸ ਦੇ ਬਾਵਜੂਦ ਵੀ ਤੇਜ਼ੀ ਨਾਲ ਵਧਦੀ ਹੈ) ਭਲੇ ਵੇਲਿਆਂ 'ਚ ਵੀ ਜਰਮਨੀ ਵਿੱਚ ਉਜਰਤਾਂ ਭੁੱਖਮਰੀ ਦੇ ਪੱਧਰ ਉੱਪਰ ਰੱਖੀਆਂ ਜਾਂਦੀਆਂ

ਹਨ, ਜਦ ਕਿ ਸੁਰੱਖਿਆ ਕਾਰਨ ਜ਼ਰੂਰਤ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਉਜਰਤਾਂ ਵਿੱਚ ਜ਼ਰੂਰ ਵਾਧਾ ਹੋਣਾ ਚਾਹੀਦਾ ਸੀ, ਤਦ ਜਰਮਨ ਸਨਅਤਕਾਰ, ਜਿਵੇਂ ਹੁਣ ਅਕਸਰ ਹੀ ਉਹ ਮਜ਼ਦੂਰਾਂ ਦੀਆਂ ਸਧਾਰਨ ਉਜਰਤਾਂ ਉੱਪਰ ਕੱਟ ਲਾ ਕੇ ਆਪਣੇ ਉਤਪਾਦਨ ਦੀਆਂ ਕੀਮਤਾਂ ਤਬਾਹਕੁੰਨ ਪੱਧਰ ਤੱਕ ਘੱਟ ਰੱਖਦਾ ਹੈ, ਕਦੇ ਵੀ ਇਸ ਦੇ ਯੋਗ ਨਹੀਂ ਰਹੇਗਾ ਅਤੇ ਸੰਸਾਰ ਮੰਡੀ ਵਿਚੋਂ ਬਾਹਰ ਧੱਕਿਆ ਜਾਵੇਗਾ। ਜਰਮਨੀ ਵਿੱਚ ਸੁਰੱਖਿਆ ਸੋਨੇ ਦੇ ਅੰਡੇ ਦੇਣ ਵਾਲੀ ਮੁਰਗੀ ਦਾ ਕਤਲ ਕਰ ਰਹੀ ਹੈ।

ਫਰਾਂਸ ਵੀ ਸੁਰੱਖਿਆ ਦੇ ਨਤੀਜਿਆਂ ਦੇ ਦੁੱਖ ਭੋਗ ਰਿਹਾ ਹੈ। ਇਸ ਪ੍ਰਬੰਧ ਨੇ ਦੋ ਸਦੀਆਂ ਵਿੱਚ ਕੌਮੀ ਜੀਵਨ ਦੇ ਲਗਭਗ ਹਰ ਪੱਖ ਉੱਪਰ ਵਿਵਾਦਰਹਿਤ ਹਕੂਮਤ ਕਾਇਮ ਕਰ ਲਈ ਹੈ, ਤਾਂ ਵੀ ਇਹ ਜ਼ਿਆਦਾ ਤੋਂ ਜ਼ਿਆਦਾ ਇੱਕ ਰੁਕਾਵਟ ਬਣਦੀ ਜਾ ਰਹੀ ਹੈ। ਪੈਦਾਵਾਰ ਦੇ ਤਰੀਕਿਆਂ ਵਿੱਚ ਲਗਾਤਾਰ ਤਬਦੀਲੀ ਸਮੇਂ ਦਾ ਚਲਣ ਹੈ, ਪਰ ਸੁਰੱਖਿਆ ਰਾਹ ਰੋਕਦੀ ਹੈ। ਅੱਜ ਕੱਲ ਰੇਸ਼ਮ ਦੀ ਵੈਲਵਟ ਦੀ ਪਿੱਠ ਵਧੀਆ ਸੂਤੀ ਧਾਗੇ ਦੀ ਬਣੀ ਹੁੰਦੀ ਹੈ, ਫਰਾਂਸੀਸੀ ਸਨਅਤਕਾਰ ਨੂੰ ਉਸ ਲਈ ਜਾਂ ਤਾਂ ਸੁਰੱਖਿਆ ਕੀਮਤ ਦਾ ਭੁਗਤਾਨ ਕਰਨਾ ਪਵੇਗਾ ਜਾਂ ਅਮੁੱਕ ਦਫਤਰੀ ਕਨੂੰਨੀ ਕਲਾਬਾਜ਼ੀ ਨੂੰ ਪ੍ਰਵਾਨ ਕਰਨਾ ਹੋਵੇਗਾ ਜੋ ਕਿ ਪੂਰੀ ਤਰ੍ਹਾਂ ਨਿਰਯਾਤ ਵਾਸਤੇ ਸਰਕਾਰੀ ਛੋਟ ਅਤੇ ਉਸ ਕੀਮਤ ਵਿਚਕਾਰ ਫਰਕ ਵਾਸਤੇ ਬਣੀ ਹੈ ਅਤੇ ਇਸ ਤਰ੍ਹਾਂ ਵੈਲਵਟ ਵਪਾਰ ਲਿਓਨ ਤੋਂ ਕਰੇਫੇਲਡ ਤੱਕ ਜਾਂਦਾ ਹੈ, ਜਿੱਥੇ ਵਧੀਆ ਸੂਤੀ ਧਾਗੇ ਦੀ ਸੁਰੱਖਿਆ ਕੀਮਤ ਬਹੁਤ ਘੱਟ ਹੈ। ਫਰਾਂਸੀਸੀ ਨਿਰਯਾਤ, ਜਿਵੇਂ ਕਿ ਪਹਿਲਾਂ ਕਿਹਾ ਜਾ ਚੁੱਕਾ ਹੈ, ਮੁੱਖ ਤੌਰ ਤੇ ਐਸ਼-ਇਸ਼ਰਤ ਦੇ ਸਮਾਨ ਤੋਂ ਬਣਦਾ ਹੈ, ਜਿੱਥੇ ਅਜੇ ਤੱਕ ਫਰਾਂਸੀਸੀ ਸਵਾਦ ਨੂੰ ਹਰਾਇਆ ਨਹੀਂ ਜਾ ਸਕਿਆ ਹੈ, ਪ੍ਰੰਤੂ ਅਜਿਹੇ ਸਮਾਨ ਦੇ ਸਾਰੀ ਦੁਨੀਆਂ ਵਿੱਚ ਮੁੱਖ ਉਪਭੋਗਤਾ ਸਾਡੇ ਆਧੁਨਿਕ ਨੌਸਿਖੁਏ ਪੂੰਜੀਪਤੀ ਹਨ ਜਿਨ੍ਹਾਂ ਕੋਲ ਨਾ ਤਾਂ ਕੋਈ ਸਿੱਖਿਆ ਹੈ ਅਤੇ ਨਾ ਸਵਾਦ, ਜੋ ਕਿ ਸਸਤੀਆਂ ਅਤੇ ਭੱਦੀਆਂ ਜਰਮਨ ਜਾਂ ਇੰਗਲਿਸ਼ ਨਕਲਾਂ ਲਈ ਬਿਲਕੁਲ ਫਬਦੇ ਹਨ ਅਤੇ ਅਕਸਰ ਮਨਘੜਤ ਕੀਮਤਾਂ ਤੋਂ ਵੀ ਉੱਪਰ ਇਹ ਅਸਲ ਫਰਾਂਸੀਸੀ ਵਸਤਾਂ ਵਜੋਂ ਉਹਨਾਂ ਉੱਪਰ ਠੋਸ ਦਿੱਤੀਆਂ ਜਾਂਦੀਆਂ ਹਨ। ਉਹਨਾਂ ਖਾਸ ਵਸਤਾਂ ਦੀ ਮੰਡੀ ਜੋ ਕਿ ਫਰਾਂਸ ਤੋਂ ਬਾਹਰ ਨਹੀਂ ਬਣਾਈਆਂ ਜਾ ਸਕਦੀਆਂ ਲਗਾਤਾਰ ਸੁੰਗੜ ਰਹੀ ਹੈ, ਫਰਾਂਸੀਸੀ ਸਨਅਤੀ ਮਾਲ ਦਾ ਨਿਰਯਾਤ ਕਦੇ ਕਦਾਈਂ ਹੀ ਟਿਕ ਪਾਉਂਦਾ ਹੈ ਅਤੇ ਜ਼ਰੂਰ ਜਲਦੀ ਹੀ ਡਿਗ ਜਾਂਦਾ ਹੈ, ਫਰਾਂਸ ਉਹਨਾਂ ਵਸਤਾਂ ਜਿਹਨਾਂ ਦਾ ਨਿਰਯਾਤ ਖਤਮ ਹੋ ਰਿਹਾ ਹੈ, ਦੇ ਬਦਲ ਵਜੋਂ ਕਿਹੜੀਆਂ ਵਸਤਾਂ ਪੇਸ਼ ਕਰ ਸਕਦਾ? ਜੇਕਰ ਇੱਥੇ ਕੋਈ ਚੀਜ਼ ਮੱਦਦਗਾਰ ਹੋ ਸਕਦੀ ਹੈ ਤਾਂ ਉਹ ਹੈ, ਸੁਤੰਤਰ ਵਪਾਰ ਦਾ ਜੁਅਰਤਮੰਦ ਕਦਮ, ਜੋ ਕਿ ਫਰਾਂਸੀਸੀ ਸਨਅਤਕਾਰ ਨੂੰ ਨਿੱਘੇ ਘੁਰਨੇ ਵਾਲੇ ਵਾਤਾਵਰਨ ਤੋਂ ਬਾਹਰ ਲੈ ਆਵੇਗਾ ਅਤੇ ਉਸਨੂੰ ਇੱਕ ਵਾਰ ਫਿਰ ਵਿਦੇਸ਼ੀ ਵਿਰੋਧੀਆਂ ਦੇ ਮੁਕਾਬਲੇ ਦੀ ਖੁੱਲ੍ਹੀ ਹਵਾ ਵਿੱਚ ਖੜ੍ਹਾ ਦੇਵੇਗਾ। ਅਸਲ ਵਿੱਚ ਫਰਾਂਸੀਸੀ ਆਮ ਵਪਾਰ ਬਹੁਤ ਪਹਿਲਾਂ ਹੀ ਘਟਣਾ ਸ਼ੁਰੂ ਹੋ ਜਾਂਦਾ, ਜੇਕਰ 1860 ਦੇ ਕੋਬਡਨ ਸਮਝੌਤੇ ਦੁਆਰਾ ਸੁਤੰਤਰ ਦੀ ਵਪਾਰ ਦਿਸ਼ਾ ਵਿੱਚ ਚੁੱਕਿਆ ਹਲਕਾ ਅਤੇ ਡਾਵਾਂਡੋਲ ਕਦਮ ਨਾ ਚੁੱਕਿਆ ਹੁੰਦਾ, ਪ੍ਰੰਤੂ ਜਿਸਨੇ ਬਹੁਤ ਨੇੜੇ ਹੀ ਖੁਦ ਨੂੰ ਖਤਮ ਕਰ ਲਿਆ ਅਤੇ ਉਸੇ ਟਾਨਿਕ ਦੀ ਇੱਕ ਜ਼ੋਰਦਾਰ ਡੋਜ਼ ਦੀ ਜ਼ਰੂਰਤ ਹੈ।

ਰੂਸ ਬਾਰੇ ਗੱਲ ਕਰਨੀ ਤਾਂ ਹੋਰ ਵੀ ਘੱਟ ਉਪਯੋਗੀ ਹੈ। ਉੱਥੇ, ਸੁਰੱਖਿਆ ਚੁੰਗੀ-ਕਰਾਂ ਦਾ ਭੁਗਤਾਨ ਦੇਸ਼ ਦੀ ਘਟੇ ਹੋਏ ਮੁੱਲ ਦੀ ਕਾਗਜ਼ੀ ਕਰੰਸੀ ਦੀ ਬਜਾਏ ਸੋਨੇ ਵਿੱਚ ਕਰਨਾ ਪੈਂਦਾ ਹੈ–ਜੋ ਕਿ ਸਭ ਤੋਂ ਪਹਿਲੀ ਥਾਂ ਕੰਗਾਲ ਸਰਕਾਰਾਂ ਨੂੰ ਸਖ਼ਤ ਨਕਦੀ ਮੁਹੱਈਆ ਕਰਵਾਉਂਦਾ ਹੈ ਜੋ ਕਿ ਵਿਦੇਸ਼ੀ ਕਰਜ਼ਦਾਤਿਆਂ ਨਾਲ ਲੈਣ ਦੇਣ ਲਈ ਲਾਜ਼ਮੀ ਹੈ, ਉਸ ਦਿਨ ਜਦੋਂ ਚੁੰਗੀ ਵਿਦੇਸ਼ੀ ਵਸਤਾਂ ਨੂੰ ਪੂਰੀ ਤਰ੍ਹਾਂ ਬਾਹਰ ਕੱਢ ਕੇ ਆਪਣਾ ਸੁਰੱਖਿਆ ਮਿਸ਼ਨ ਪੂਰਾ ਕਰਦੀ ਹੈ, ਉਸੇ ਦਿਨ ਰੂਸੀ ਸਰਕਾਰ ਦੀਵਾਲੀਆ ਹੋ ਜਾਂਦੀ ਹੈ, ਤਦ ਉਹੀ ਸਰਕਾਰ ਆਪਣੇ ਗੁਲਾਮਾਂ ਦੀਆਂ ਅੱਖਾਂ ਅੱਗੇ ਅਜਿਹੇ ਰੂਸ ਦਾ ਨਕਸ਼ਾ ਲਟਕਾ ਕੇ ਉਨ੍ਹਾਂ ਨੂੰ ਖੁਸ਼ ਕਰਦੀ ਹੈ, ਜਿਸਨੂੰ ਉਹ ਇਸ ਚੁੰਗੀ ਜ਼ਰੀਏ ਪੂਰੀ ਤਰ੍ਹਾਂ ਆਤਮ ਨਿਰਭਰ ਦੇਸ਼ ਬਣਾ ਲਵੇਗੀ, ਜਿਸਨੂੰ ਵਿਦੇਸ਼ਾਂ ਤੋਂ ਨਾ ਭੋਜਨ ਦੀ ਜ਼ਰੂਰਤ ਹੋਵੇਗੀ, ਨਾ ਕੱਚੇ ਮਾਲ ਦੀ, ਨਾ ਸਨਅਤੀ ਮਾਲ ਦੀ, ਨਾ ਹੀ ਕਲਾ ਕਿਰਤਾਂ ਦੀ। ਜੋ ਲੋਕ ਅਜਿਹੇ ਰੂਸੀ ਸਾਮਰਾਜ ਦੇ ਸੁਪਨੇ 'ਚ ਯਕੀਨ ਰੱਖਦੇ ਹਨ, ਜਿਹੜਾ ਬਾਕੀ ਸੰਸਾਰ ਤੋਂ ਵੱਖਰਾ ਅਤੇ ਨਿਖੜਿਆ ਹੋਇਆ ਹੈ, ਉਹ ਪ੍ਰਸ਼ੀਆਈ ਦੇਸ਼ ਭਗਤ ਲੈਫਟੀਨੈਂਟ ਦੀ ਪੱਧਰ ਤੇ ਹਨ, ਜੋ ਇੱਕ ਦੁਕਾਨ ਵਿੱਚ ਗਿਆ ਅਤੇ ਇੱਕ ਗਲੋਬ ਦੀ ਮੰਗ ਕੀਤੀ, ਧਰਤੀ ਜਾਂ ਅਕਾਸ਼ ਦੇ ਨਹੀਂ ਬਲਕਿ ਪ੍ਰਸ਼ੀਆਈ ਗਲੋਬ ਦੀ ਮੰਗ ਕੀਤੀ।

ਆਓ ਹੁਣ ਅਮਰੀਕਾ ਵੱਲ ਵਾਪਸ ਪਰਤੀਏ। ਇਸ ਗੱਲ ਦੇ ਬਹੁਤ ਸਾਰੇ ਲੱਛਣ ਮਿਲਦੇ ਹਨ ਕਿ ਸੰਯੁਕਤ ਰਾਜ ਲਈ ਸੁਰੱਖਿਆ ਜੋ ਕੁਝ ਕਰ ਸਕਦੀ ਸੀ, ਉਹ ਸਭ ਕੁਝ ਕਰ ਚੁੱਕੀ ਹੈ ਅਤੇ ਜਿੰਨੀ ਜਲਦੀ ਇਸਨੂੰ ਹਟਾ ਦਿੱਤਾ ਜਾਵੇ, ਓਨਾ ਸਭ ਧਿਰਾਂ ਲਈ ਬਿਹਤਰ ਹੋਵੇਗਾ। ਇਹਨਾਂ ਲੱਛਣਾਂ ਵਿੱਚੋਂ ਇੱਕ ਸੁਰੱਖਿਅਤ ਉਦਯੋਗਾਂ ਵਿੱਚ ਕਾਰਟਲਾਂ ਅਤੇ ਟਰੱਸਟਾਂ ਦਾ ਬਣਨਾ ਤਾਂ ਕਿ ਉਹਨਾਂ ਨੂੰ ਪ੍ਰਦਾਨ ਕੀਤੀ ਇਜ਼ਾਰੇਦਾਰੀ ਦਾ ਪੂਰੀ ਤਰ੍ਹਾਂ ਫਾਇਦਾ ਲਿਆ ਜਾ ਸਕੇ। ਹੁਣ ਕਾਰਟਲ ਅਤੇ 'ਟਰਸਟ' ਸੱਚਮੁੱਚ ਅਮਰੀਕੀ ਸੰਸਥਾਵਾਂ ਹਨ, ਜਿੱਥੇ ਉਹ ਕੁਦਰਤੀ ਲਾਭਾਂ ਦਾ ਫਾਇਦਾ ਲੈਂਦੀਆਂ ਹਨ ਜਿਹੜੇ ਆਮ ਤੌਰ ਤੇ ਭਾਵੇਂ ਬੁੜ ਬੁੜ ਕਰਦਿਆਂ ਉਹਨਾਂ ਨੂੰ ਸੌਂਪੇ ਗਏ ਹਨ। ਪੈਨੀਸਲਵੇਨੀਆਂ ਦੀ ਤੇਲ ਪੂਰਤੀ ਦੀ ਸਟੈਂਡਰਡ ਆਇਲ ਕੰਪਨੀ ਦੁਆਰਾ ਇਜਾਰੇਦਾਰੀ ਵਿੱਚ ਰੂਪਬਦਲੀ, ਪੂਰੀ ਤਰ੍ਹਾਂ ਪੂੰਜੀਵਾਦੀ ਪੈਦਾਵਾਰ ਦੇ ਨਿਯਮਾਂ ਦੇ ਅਨੁਸਾਰੀ ਆਚਰਣ ਹੈ। ਪਰ ਜੇਕਰ ਖੰਡ ਮਿੱਲਾਂ ਵਾਲੇ, ਕੌਮ ਦੁਆਰਾ ਉਨ੍ਹਾਂ ਨੂੰ ਵਿਦੇਸ਼ੀ ਮੁਕਾਬਲੇ ਵਿਰੁੱਧ ਦਿੱਤੀ ਸੁਰੱਖਿਆ ਨੂੰ, ਘਰੇਲੂ ਉਪਭੋਗਤਾਵਾਂ ਵਿਰੁੱਧ ਜਾਣੀ ਉਸੇ ਕੌਮ ਵਿਰੁੱਧ ਜਿਸਨੇ ਸੁਰੱਖਿਆ ਪ੍ਰਦਾਨ ਕੀਤੀ ਹੈ, ਇਜਾਰੇਦਾਰੀ ਵਿੱਚ ਬਦਲਣ ਦੀ ਕੋਸ਼ਿਸ਼ ਕਰਨ ਤਾਂ ਇਹ ਬਿਲਕੁਲ ਵੱਖਰੀ ਚੀਜ਼ ਹੋਵੇਗੀ। ਤਦ ਵੀ ਵੱਡੀਆਂ ਖੰਡ ਮਿੱਲਾਂ ਨੇ ਇਕ 'ਟਰਸਟ' ਬਣਾਇਆ ਹੈ, ਜਿਸਦਾ ਨਿਸ਼ਾਨਾ ਕੁਝ ਹੋਰ ਨਹੀਂ ਹੈ। ਖੰਡ ਟਰੱਸਟ ਆਪਣੀ ਕਿਸਮ ਦਾ ਇੱਕੋ ਇੱਕ ਨਹੀਂ ਹੈ। ਹੁਣ ਅਜਿਹੇ ਟਰੱਸਟਾਂ ਦਾ ਬਣਨਾ ਇਸ ਗੱਲ ਦੀ ਪੱਕੀ ਨਿਸ਼ਾਨੀ ਹੈ ਕਿ ਸੁਰੱਖਿਆ ਆਪਣਾ ਕੰਮ ਕਰ ਚੁੱਕੀ ਹੈ ਅਤੇ ਆਪਣਾ ਖਾਸਾ ਬਦਲ ਰਹੀ ਹੈ ਕਿ ਇਹ ਹੁਣ ਸਨਅਤਕਾਰ ਨੂੰ ਵਿਦੇਸ਼ੀ ਦਰਾਮਦਕਾਰ ਵਿਰੁੱਧ ਸੁਰੱਖਿਆ ਮੁਹੱਈਆ ਨਹੀਂ ਕਰਾਉਂਦੀ, ਬਲਕਿ ਘਰੇਲੂ ਉਪਭੋਗਤਾ ਵਿਰੁੱਧ ਉਸਨੂੰ ਸੁਰੱਖਿਆ ਮੁਹੱਈਆ ਕਰਾਉਂਦੀ ਹੈ ਕਿ ਇਸਨੇ ਘੱਟੋ ਘੱਟ ਸਬੰਧਤ ਖਾਸ ਸ਼ਾਖਾ ਵਿੱਚ ਕਾਫੀ ਜੇਕਰ ਬਹੁਤ ਸਾਰੇ ਨਹੀਂ, ਸਨਅਤਕਾਰ ਪੈਦਾ ਕਰ ਦਿੱਤੇ ਹਨ, ਬਿਲਕੁਲ ਜਰਮਨੀ ਵਾਂਗ ਇਹ ਜੋ ਪੈਸਾ ਸਨਅਤਕਾਰਾਂ ਦੇ ਪਰਸ ਵਿੱਚ

ਪਾਉਂਦੀ ਹੈ, ਉਹ ਪਰੇ ਸੁੱਟਿਆ ਪੈਸਾ ਹੀ ਹੁੰਦਾ ਹੈ। ਹੋਰ ਹਰ ਥਾਂ ਵਾਂਗ ਅਮਰੀਕਾ ਵਿੱਚ ਵੀ ਇਸ ਦਲੀਲ ਨਾਲ ਸੁਰੱਖਿਆ ਦੀ ਹਮਾਇਤ ਕੀਤੀ ਜਾਂਦੀ ਹੈ ਕਿ ਸੁਤੰਤਰ ਵਪਾਰ ਦਾ ਸਿਰਫ਼ ਇੰਗਲੈਂਡ ਨੂੰ ਹੀ ਫਾਇਦਾ ਹੋਵੇਗਾ। ਇਸਦੇ ਵਿਰੋਧ ਵਿੱਚ ਸਭ ਤੋਂ ਵਧੀਆ ਸਬੂਤ ਇਹ ਹੈ ਕਿ ਇੰਗਲੈਂਡ ਵਿੱਚ ਨਾ ਸਿਰਫ਼ ਖੇਤੀਕਰਨ ਵਾਲੇ ਅਤੇ ਭੂਮੀਪਤੀ ਹੀ ਬਲਕਿ ਸਨਅਤਕਾਰ ਵੀ ਸੁਰੱਖਿਆਵਾਦੀ ਹੋ ਰਹੇ ਹਨ। "ਮਾਨਚੈਸਟਰ ਸਕੂਲ" ਦੇ ਸੁਤੰਤਰ ਵਪਾਰੀਆਂ ਦੇ ਘਰ ਵਿੱਚ 1 ਨਵੰਬਰ, 1886 ਨੂੰ ਮਾਨਚੈਸਟਰ ਚੈਂਬਰ ਆਫ ਕਾਮਰਸ ਨੇ ਇੱਕ ਮਤੇ ਉੱਪਰ ਵਿਚਾਰ ਕੀਤੀ।

"ਕਿ ਚਾਲੀ ਸਾਲ ਬੇਕਾਰ ਦੀ ਉਡੀਕ ਤੋਂ ਬਾਅਦ ਕਿ ਹੋਰ ਦੇਸ਼ ਵੀ ਇੰਗਲੈਂਡ ਦੀ ਸੁਤੰਤਰ ਵਪਾਰ ਦੀ ਉਦਾਹਰਣ ਦਾ ਅਨੁਸਰਣ ਕਰਨਗੇ, ਚੈਂਬਰ ਦਾ ਖਿਆਲ ਹੈ ਕਿ ਇਸ ਪੁਜੀਸ਼ਨ ਉੱਪਰ ਮੁੜ ਵਿਚਾਰ ਕਰਨ ਦਾ ਸਮਾਂ ਆ ਗਿਆ ਹੈ।"

ਅਸਲ ਵਿੱਚ 21 ਵੋਟਾਂ ਦੇ ਮੁਕਾਬਲੇ 22 ਵੋਟਾਂ ਨਾਲ ਇਹ ਮਤਾ ਰੱਦ ਕਰ ਦਿੱਤਾ ਗਿਆ ਸੀ। ਇਹ ਸੂਤੀ ਕੱਪੜੇ ਦੀ ਸਨਅਤ ਦੇ ਕੇਂਦਰ ਵਿੱਚ ਵਾਪਰਿਆ, ਜੋ ਕਿ ਇੰਗਲਿਸ਼ ਸਨਅਤ ਦੀ ਇੱਕੋ ਇੱਕ ਸ਼ਾਖ ਹੈ ਜਿਸਦੀ ਖੁੱਲ੍ਹੇ ਬਜ਼ਾਰ ਵਿੱਚ ਉੱਤਮਤਾ ਵਿਵਾਦਰਹਿਤ ਜਾਪਦੀ ਹੈ। ਪ੍ਰੰਤੂ ਇਸ ਖਾਸ ਸ਼ਾਖਾ ਵਿੱਚ ਵੀ ਖੋਜੀ ਪ੍ਰਤਿਭਾ ਹੁਣ ਇੰਗਲੈਂਡ ਤੋਂ ਅਮਰੀਕਾ ਕੋਲ ਜਾ ਚੁੱਕੀ ਹੈ। ਸੂਤ ਬੁਣਨ ਅਤੇ ਕੱਤਣ ਦੀ ਮਸ਼ੀਨਰੀ ਵਿੱਚ ਨਵੀਆਂ ਸੋਧਾਂ ਲਗਭਗ ਸਾਰੀਆਂ ਹੀ ਅਮਰੀਕਾ ਵਿੱਚ ਹੋਈਆਂ ਅਤੇ ਮਾਨਚੈਸਟਰ ਨੂੰ ਉਹਨਾਂ ਨੂੰ ਅਪਨਾਉਣਾ ਪੈਂਦਾ ਸੀ। ਸਭ ਤਰ੍ਹਾਂ ਦੀਆਂ ਸਨਅਤੀ ਖੋਜਾਂ ਵਿੱਚ ਅਮਰੀਕਾ ਸਪੱਸ਼ਟ ਰੂਪ ਵਿੱਚ ਅੱਗੇ ਨਿਕਲ ਗਿਆ ਹੈ ਅਤੇ ਜਰਮਨੀ ਦੂਸਰੇ ਦਰਜੇ ਵਾਸਤੇ ਇੰਗਲੈਂਡ ਦੇ ਬਹੁਤ ਨਜ਼ਦੀਕ ਹੈ। ਇੰਗਲੈਂਡ ਵਿੱਚ ਇਹ ਵਿਚਾਰ ਜ਼ੋਰ ਫੜ ਰਿਹਾ ਹੈ ਕਿ ਦੇਸ਼ ਦੀ ਸਨਅਤੀ ਇਜਾਰੇਦਾਰੀ ਖੁੱਸ ਗਈ ਹੈ, ਹੁਣ ਵਾਪਸ ਨਹੀਂ ਮੁੜ ਸਕਦੀ ਕਿ ਉਹ ਅਜੇ ਵੀ ਦੂਸਰਿਆਂ ਦੀ ਨਿਸਬਤ ਆਪਣੀ ਥਾਂ ਗਵਾ ਰਿਹਾ ਹੈ, ਜਦ ਕਿ ਉਸਦੇ ਵਿਰੋਧੀ ਤਰੱਕੀ ਕਰ ਰਹੇ ਹਨ ਅਤੇ ਕਿ ਉਹ ਇਸ ਪੋਜ਼ੀਸ਼ਨ ਵੱਲ ਖਿਸਕ ਰਿਹਾ ਹੈ ਜਿਥੇ ਉਸਨੂੰ ਬਹੁਤ ਸਾਰੀਆਂ ਸਨਅਤੀ ਕੌਮਾਂ ਵਿੱਚ ਇੱਕ ਸਨਅਤੀ ਕੌਮ ਦੀ ਉਪਾਧੀ ਨਾਲ ਹੀ ਸਬਰ ਕਰਨਾ ਪਵੇਗਾ ਜਿਸਨੇ ਕਿ ਕਦੇ "ਸੰਸਾਰ ਦੀ ਵਰਕਸ਼ਾਪ" ਹੋਣ ਦਾ ਸੁਪਨਾ ਲਿਆ ਸੀ। ਨੇੜ ਭਵਿੱਖ ਦੀ ਕਿਸਮਤ ਨੂੰ ਟਾਲਣ ਲਈ ਸੁਤੰਤਰ ਵਪਾਰ ਦੇ ਪਰਦੇ ਹੇਠ ਨਾਕਾਫ਼ੀ ਲੁਕੀ ਹੋਈ ਸੁਰੱਖਿਆ ਅਤੇ ਮੋੜਵੀਂ ਚੂੰਗੀ, ਉਸ ਵਿਅਕਤੀ ਦੇ ਪੁੱਤਰਾਂ ਦੁਆਰਾ ਜੋ 40 ਸਾਲ ਪਹਿਲਾਂ ਸੁਤੰਤਰ ਵਪਾਰ ਤੋਂ ਬਿਨਾਂ ਕਿਸੇ ਹੋਰ ਹੱਲ ਬਾਰੇ ਜਾਣਦਾ ਹੀ ਨਹੀਂ ਸੀ, ਇੰਨੀ ਤੀਬਰਤਾ ਨਾਲ ਲਗਾਈ ਜਾ ਰਹੀ ਹੈ। ਜਦੋਂ ਇੰਗਲੈਂਡ ਦੇ ਸਨਅਤਕਾਰਾਂ ਨੇ ਇਹ ਮਹਿਸੂਸ ਕੀਤਾ ਕਿ ਸੁਤੰਤਰ ਵਪਾਰ ਉਹਨਾਂ ਨੂੰ ਤਬਾਹ ਕਰ ਰਿਹਾ, ਉਹਨਾਂ ਖੁਦ ਨੂੰ ਆਪਣੇ ਵਿਦੇਸ਼ੀ ਸ਼ਰੀਕਾਂ ਤੋਂ ਬਚਾਏ ਜਾਣ ਦੀ ਸਰਕਾਰ ਤੋਂ ਮੰਗ ਕੀਤੀ, ਤਦ ਸਚਮੁੱਚ ਇਹਨਾਂ ਸ਼ਰੀਕਾਂ ਲਈ ਬਦਲਾ ਲੈਣ ਦੀ ਘੜੀ ਆਣ ਪਹੁੰਚੀ, ਉਹਨਾਂ ਇੰਗਲੈਂਡ ਦੀ ਖੁਰ ਰਹੀ ਸਨਅਤੀ ਇਜਾਰੇਦਾਰੀ ਨਾਲ ਉਸੇ ਦੇ ਹਥਿਆਰ ਸੁਤੰਤਰ ਵਪਾਰ ਨਾਲ ਲੜਨ ਲਈ, ਹੁਣ ਬੇਫਾਇਦਾ ਹੋ ਚੁੱਕੇ ਸੁਰੱਖਿਆ ਪ੍ਰਬੰਧ ਨੂੰ ਵਗਾਹ ਮਾਰਿਆ।

ਪ੍ਰੰਤੂ ਜਿਵੇਂ ਕਿ ਮੈਂ ਪਹਿਲਾਂ ਹੀ ਕਿਹਾ ਹੈ, ਤੁਸੀਂ ਅਸਾਨੀ ਨਾਲ ਸੁਰੱਖਿਆ ਨੂੰ

ਅਪਣਾ ਸਕਦੇ ਹੋ, ਪ੍ਰੰਤੂ ਤੁਸੀਂ ਅਸਾਨੀ ਨਾਲ ਦੁਬਾਰਾ ਇਸ ਤੋਂ ਖਹਿੜਾ ਨਹੀਂ ਛੁਡਾ ਸਕਦੇ। ਵਿਧਾਨ ਮੰਡਲ, ਸੁਰੱਖਿਆ ਯੋਜਨਾ ਅਪਣਾ ਕੇ ਵਿਸ਼ਾਲ ਹਿੱਤ ਪੈਦਾ ਕਰ ਦਿੰਦਾ ਹੈ, ਜਿਸ ਲਈ ਇਹ ਜ਼ਿੰਮੇਵਾਰ ਹੈ। ਇਹਨਾਂ ਵਿੱਚ ਹਰ ਇਕ ਹਿੱਤ-ਸਨਅਤ ਦੀਆਂ ਵੱਖ ਵੱਖ ਸ਼ਾਖਾਵਾਂ ਇੱਕ ਖਾਸ ਸਮੇਂ ਖੁੱਲ੍ਹੇ ਮੁਕਾਬਲੇ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੁੰਦੇ, ਕੁਝ ਪਛੜ ਜਾਣਗੇ ਜਦਕਿ ਹੋਰਾਂ ਨੂੰ ਸੁਰੱਖਿਆ ਰੂਪੀ ਇਲਾਜ ਦੀ ਜ਼ਰੂਰਤ ਨਹੀਂ ਰਹਿ ਜਾਵੇਗੀ। ਪੁਜੀਸ਼ਨ ਦਾ ਇਹ ਵਖਰੇਵਾਂ ਆਮ ਗੁਪਤ ਯੋਜਨਾਵਾਂ ਨੂੰ ਜਨਮ ਦੇਵੇਗਾ ਅਤੇ ਇਹ ਆਪਣੇ ਆਪ ਵਿੱਚ ਹੀ ਯਕੀਨੀ ਗਰੰਟੀ ਹੈ ਕਿ ਜੇਕਰ ਸੁਤੰਤਰ ਵਪਾਰ ਨੂੰ ਅਪਣਾਇਆ ਜਾਵੇਗਾ ਤਾਂ ਸੁਰੱਖਿਅਤ ਸਨਅਤ ਅਸਲ ਵਿੱਚ ਅਸਾਨੀ ਨਾਲ ਢਹਿ ਢੇਰੀ ਹੋ ਜਾਵੇਗੀ, ਜਿਵੇਂ ਕਿ 1846 ਤੋਂ ਬਾਅਦ ਇੰਗਲੈਂਡ ਵਿੱਚ ਰੇਸ਼ਮ ਸਨਅਤ ਨਾਲ ਹੋਇਆ ਸੀ। ਵਰਤਮਾਨ ਹਾਲਤਾਂ ਵਿੱਚ ਇਸ ਤੋਂ ਬਚਿਆ ਨਹੀਂ ਜਾ ਸਕਦਾ ਅਤੇ ਜਿੰਨੀ ਦੇਰ ਇਹ ਤਬਦੀਲੀ ਅਸੂਲੀ ਰੂਪ ਵਿੱਚ ਹੱਲ ਨਹੀਂ ਹੋ ਜਾਂਦੀ। ਸੁਤੰਤਰ ਵਪਾਰ ਪੱਖੀਆਂ ਦੁਆਰਾ ਇਸ ਨੂੰ ਪ੍ਰਵਾਨ ਕਰਨਾ ਹੋਵੇਗਾ।

ਸੁਤੰਤਰ ਵਪਾਰ ਜਾਂ ਸੁਰੱਖਿਆ ਦਾ ਪ੍ਰਬੰਧ ਪੂਰੀ ਤਰ੍ਹਾਂ ਮੌਜੂਦਾ ਸਰਮਾਏਦਾਰਾ ਪੈਦਾਵਾਰੀ ਢਾਂਚੇ ਦੀਆਂ ਹੱਦਾਂ ਅੰਦਰ ਘੁੰਮਦਾ ਹੈ ਅਤੇ ਇਸ ਲਈ ਸਾਡੀ ਸਮਾਜਵਾਦੀਆਂ ਦੀ ਜੋ ਇਸ ਢਾਂਚੇ ਨੂੰ ਖਤਮ ਕਰਨਾ ਚਾਹੁੰਦੇ ਹਨ, ਇਸ ਵਿੱਚ ਸਿੱਧੀ ਦਿਲਚਸਪੀ ਨਹੀਂ ਹੈ। ਅਸਿੱਧੇ ਤੌਰ ਤੇ, ਭਾਵੇਂ ਸਾਡੀ ਇਸ ਵਿੱਚ ਦਿਲਚਸਪੀ ਹੈ, ਜਿੰਨੀ ਕਿ ਸਾਡੀ ਇਹ ਜ਼ਰੂਰੀ ਇੱਛਾ ਹੋਣੀ ਚਾਹੀਦੀ ਹੈ ਕਿ ਪੈਦਾਵਾਰ ਦਾ ਮੌਜੂਦਾ ਢਾਂਚਾ ਜਿੰਨਾ ਵੀ ਸੰਭਵ ਹੋਵੇ ਅਜ਼ਾਦੀ ਨਾਲ ਅਤੇ ਤੇਜ਼ੀ ਨਾਲ ਵਿਕਾਸ ਕਰੇ ਕਿਉਂਕਿ ਇਸਦੇ ਨਾਲ ਹੀ ਇਸਦੇ ਲਾਜ਼ਮੀ ਨਤੀਜੇ ਦੇ ਤੌਰ ਤੇ ਉਹ ਆਰਥਿਕ ਵਰਤਾਰੇ ਵੀ ਵਿਕਸਿਤ ਹੋਣਗੇ, ਜੋ ਲਾਜ਼ਮੀ ਹੀ ਪੂਰੇ ਢਾਂਚੇ ਨੂੰ ਤਬਾਹ ਕਰ ਦੇਣਗੇ, ਵਾਧੂ ਪੈਦਾਵਾਰ, ਇਹ ਵਾਧੂ ਪੈਦਾਵਾਰ ਜਾਂ ਤੇ ਵਧੇਰੇ ਪੂਰਤੀ ਅਤੇ ਆਕਸਮਿਕ ਪ੍ਰਤੀਕਰਮ, ਜਿਸ ਨਾਲ ਦਹਿਸ਼ਤ ਵੀ ਆ ਜੁੜਦੀ ਹੈ, ਨੂੰ ਪੈਦਾ ਕਰਦੀ ਹੈ ਜਾਂ ਇਸ ਤੋਂ ਇਲਾਵਾ ਵਪਾਰ ਦੀ ਦੀਰਘਕਾਲੀ ਖੜੋਤ ਪੈਦਾ ਕਰਦੀ ਹੈ, ਵੱਡੇ ਸਰਮਾਏਦਾਰਾਂ ਦੀ ਛੋਟੀ ਜਿਹੀ ਜਮਾਤ ਅਤੇ ਵਿਹਾਰਕ ਤੌਰ ਤੋਂ ਜੱਦੀ ਪੁਸ਼ਤੀ ਉਜਰਤੀ ਗੁਲਾਮਾਂ, ਪ੍ਰੋਲੇਤਾਰੀਆਂ ਜਿਹਨਾਂ ਦੀ ਗਿਣਤੀ ਲਗਾਤਾਰ ਵਧਦੀ ਜਾਂਦੀ ਹੈ ਅਤੇ ਉਸੇ ਸਮੇਂ ਨਵੀਂ ਕਿਰਤ ਬਚਾਊ ਮਸ਼ੀਨਰੀ ਦੁਆਰਾ ਲਗਾਤਾਰ ਲਾਂਭੇ ਕੀਤੀ ਜਾਂਦੀ ਹੈ, ਦੀ ਵੱਡੀ ਜਮਾਤ ਵਿੱਚ ਸਮਾਜ ਵੰਡਿਆ ਜਾਂਦਾ ਹੈ, ਸੰਖੇਪ ਵਿੱਚ ਸਮਾਜ ਇੱਕ ਗਤੀਰੋਧ ਦੀ ਸਥਿਤੀ ਵਿੱਚ ਆ ਪਹੁੰਚਦਾ ਹੈ ਜਿਸ ਵਿੱਚੋਂ ਨਿਕਲਣ ਦਾ ਹੋਰ ਕੋਈ ਰਾਹ ਨਹੀਂ ਸਿਵਾਏ ਇਸ ਤੋਂ ਕਿ ਆਰਥਿਕ ਬਣਤਰ ਜੋ ਕਿ ਇਸ ਦਾ ਅਧਾਰ ਹੈ ਨੂੰ ਨਵੇਂ ਸਾਂਚੇ 'ਚ ਢਾਲਿਆ ਜਾਵੇ। ਇਸੇ ਨੁਕਤੇ ਤੋਂ ਚਾਲੀ ਸਾਲ ਪਹਿਲਾਂ, ਅਸੂਲਨ ਤੌਰ ਤੇ ਵਧੇਰੇ ਅਗਾਂਹਵਧੂ ਯੋਜਨਾ ਦੇ ਰੂਪ ਵਿੱਚ ਮਾਰਕਸ ਨੇ ਸੁਤੰਤਰ ਵਪਾਰ ਦਾ ਪੱਖ ਲਿਆ ਸੀ, ਕਿਉਂਕਿ ਇਹ ਯੋਜਨਾ ਪੂੰਜੀਵਾਦੀ ਸਮਾਜ ਨੂੰ ਜਲਦੀ ਨਾਲ ਗਤੀਰੋਧ ਦੀ ਹਾਲਤ ਵੱਲ ਲੈ ਆਵੇਗੀ। ਪ੍ਰੰਤੂ ਜੇਕਰ ਮਾਰਕਸ ਨੇ ਇਸ ਅਧਾਰ ਉੱਪਰ ਸੁਤੰਤਰ ਵਪਾਰ ਦਾ ਪੱਖ ਲਿਆ ਸੀ ਤਾਂ ਕੀ ਇਹ ਮੌਜੂਦਾ ਪ੍ਰਬੰਧ ਦੇ ਹਰ ਹਿਮਾਇਤੀ ਲਈ ਸੁਤੰਤਰ ਵਪਾਰ ਦੇ ਵਿਰੋਧ ਵਿੱਚ ਖੜਨ ਲਈ ਇੱਕ ਕਾਰਨ ਨਹੀਂ ਹੈ? ਜੇਕਰ ਸੁਤੰਤਰ ਵਪਾਰ

ਨੂੰ ਇਨਕਲਾਬੀ ਦੇ ਤੌਰ ਤੇ ਦਿਖਾਇਆ ਗਿਆ ਹੈ ਤਾਂ ਕੀ ਸਾਰੇ ਚੰਗੇ ਨਾਗਰਿਕਾਂ ਨੂੰ ਇੱਕ ਪਿਛਾਂਹਖਿੱਚੂ ਯੋਜਨਾ ਦੇ ਤੌਰ ਤੇ ਸੁਰੱਖਿਆ ਦੇ ਹੱਕ ਵਿੱਚ ਵੋਟ ਨਹੀਂ ਦੇਣਾ ਚਾਹੀਦਾ?

ਇਹਨੀਂ ਦਿਨੀਂ ਜੇਕਰ ਕੋਈ ਦੇਸ਼ ਸੁਤੰਤਰ ਵਪਾਰ ਨੂੰ ਪ੍ਰਵਾਨ ਕਰਦਾ ਹੈ, ਤਾਂ ਨਿਸ਼ਚਿਤ ਰੂਪ ਵਿੱਚ ਇਹ ਸਮਾਜਵਾਦੀਆਂ ਨੂੰ ਖੁਸ਼ ਕਰਨ ਲਈ ਅਜਿਹਾ ਨਹੀਂ ਕਰਦਾ। ਇਹ ਅਜਿਹਾ ਇਸ ਲਈ ਕਰੇਗਾ ਕਿਉਂਕਿ ਇਹ ਸਨਅਤੀ ਪੂੰਜੀਪਤੀਆਂ ਦੀ ਲੋੜ ਬਣ ਚੁੱਕਾ ਹੈ। ਪ੍ਰੰਤੂ ਜੇਕਰ ਇਹ ਭਾਵੀ ਸਮਾਜਿਕ ਉੱਥਲ ਪੁਥਲ ਦੀ ਉਮੀਦ ਵਿੱਚ ਸਮਾਜਵਾਦੀਆਂ ਨੂੰ ਧੋਖਾ ਦੇਣ ਲਈ ਸੁਤੰਤਰ ਵਪਾਰ ਨੂੰ ਰੱਦ ਕਰਕੇ ਸੁਰੱਖਿਆ ਨੂੰ ਚਿੰਬੜਿਆ ਰਹਿੰਦਾ ਹੈ ਤਾਂ ਇਹ ਸਮਾਜਵਾਦ ਦੀ ਸੰਭਾਵਨਾ ਨੂੰ ਜ਼ਰਾ ਜਿੰਨਾ ਵੀ ਨੁਕਸਾਨ ਨਹੀਂ ਪਹੁੰਚਾਵੇਗਾ। ਸੁਰੱਖਿਆ ਨਕਲੀ ਢੰਗ ਨਾਲ ਸਨਅਤਕਾਰ ਪੈਦਾ ਕਰਨ ਦੀ ਯੋਜਨਾ ਹੈ ਅਤੇ ਨਾਲ ਦੀ ਨਾਲ ਇਹ ਨਕਲੀ ਢੰਗ ਨਾਲ ਉਜਰਤੀ ਮਜ਼ਦੂਰ ਪੈਦਾ ਕਰਨ ਦੀ ਯੋਜਨਾ ਵੀ ਹੈ। ਤੁਸੀਂ ਦੂਸਰੇ ਨੂੰ ਪੈਦਾ ਕੀਤੇ ਬਿਨਾਂ ਪਹਿਲੇ ਨੂੰ ਪੈਦਾ ਨਹੀਂ ਕਰ ਸੰਕਦੇ। ਉਜਰਤੀ ਮਜ਼ਦੂਰ ਹਰ ਥਾਂ ਸਨਅਤਕਾਰਾਂ ਦੇ ਕਦਮ ਨਾਲ ਕਦਮ ਮਿਲਾਉਂਦੇ ਹਨ ਉਹ ਹੋਰੇਸ ਦੇ 'ਧੁੰਦਲੇ ਧਿਆਨ' ਵਾਂਗ ਹੈ, ਜੋ ਸਵਾਰ ਦੇ ਪਿੱਛੇ ਬਹਿੰਦਾ ਹੈ ਅਤੇ ਉਹ ਜਿੱਥੇ ਵੀ ਜਾਂਦਾ ਹੈ, ਉਸਤੋਂ ਪਿੱਛਾ ਨਹੀਂ ਛੁਡਾ ਪਾਉਂਦਾ। ਤੁਸੀਂ ਕਿਸਮਤ ਤੋਂ ਬਚ ਨਹੀਂ ਸਕਦੇ, ਦੂਸਰੇ ਸ਼ਬਦਾਂ ਵਿੱਚ ਤੁਸੀਂ ਆਪਣੇ ਹੀ ਕਾਰਨਾਮਿਆਂ ਦੇ ਲਾਜ਼ਮੀ ਨਤੀਜਿਆਂ ਤੋਂ ਬਚ ਨਹੀਂ ਸਕਦੇ। ਉਜਰਤੀ ਮਜ਼ਦੂਰਾਂ ਦੀ ਲੁੱਟ 'ਤੇ ਅਧਾਰਤ ਪੈਦਾਵਾਰੀ ਢਾਂਚਾ, ਜਿਸ ਵਿੱਚ ਧਨ ਉਸੇ ਅਨੁਪਾਤ ਵਿੱਚ ਵਧਦਾ ਹੈ, ਜਿਸ ਅਨੁਪਾਤ ਵਿੱਚ ਮਜ਼ਦੂਰਾਂ ਨੂੰ ਕੰਮ ਤੇ ਲਾਇਆ ਅਤੇ ਲੁੱਟਿਆ ਜਾਂਦਾ ਹੈ, ਅਜਿਹਾ ਢਾਂਚਾ ਉਜਰਤੀ ਮਜ਼ਦੂਰਾਂ ਦੀ ਜਮਾਤ ਨੂੰ ਵਧਾਉਣ ਲਈ·ਮਜ਼ਬੂਰ ਹੈ ਉਹ ਜਮਾਤ ਜੋ ਇੱਕ ਦਿਨ ਖੁਦ ਇਸ ਢਾਂਚੇ ਨੂੰ ਖਤਮ ਕਰੇਗੀ ਇਸ ਸਮੇਂ ਇਸਦੀ ਕੋਈ ਵੀ ਸਹਾਇਤਾ ਨਹੀਂ ਕਰ ਸਕਦਾ, ਤੁਸੀਂ ਜ਼ਰੂਰ ਹੀ ਸਰਮਾਏਦਾਰਾ ਢਾਂਚੇ ਨੂੰ ਵਿਕਸਿਤ ਕਰਦੇ ਜਾਓਗੇ, ਤੁਸੀਂ ਜ਼ਰੂਰ ਹੀ ਪੈਦਾਵਾਰ, ਪੂੰਜੀ ਸੰਗ੍ਰਹਿ ਅਤੇ ਪੂੰਜੀਵਾਦੀ ਧਨ ਦੇ ਕੇਂਦਰੀਕਰਨ ਨੂੰ ਤੇਜ਼ ਕਰੋਗੇ ਅਤੇ ਇਸ ਦੇ ਨਾਲ ਹੀ ਮਜ਼ਦੂਰਾਂ ਦੀ ਇਨਕਲਾਬੀ ਜਮਾਤ ਵੀ ਪੈਦਾ ਹੋਵੇਗੀ। ਤੁਸੀਂ ਭਾਵੇਂ ਸੁਰੱਖਿਆਵਾਦੀ ਹੋਣ ਦੀ ਕੋਸ਼ਿਸ਼ ਕਰੋ ਜਾਂ ਸੁਤੰਤਰ ਵਪਾਰ ਦੀ ਯੋਜਨਾ ਅਪਣਾਓ, ਅੰਤ ਨੂੰ ਇਸ ਨਾਲ ਕੋਈ ਫਰਕ ਨਹੀਂ ਪਵੇਗਾ ਅਤੇ ਉਸ ਦਿਨ ਤੱਕ ਜਦੋਂ ਤੁਹਾਡਾ ਅੰਤ ਆਵੇਗਾ, ਤੁਹਾਨੂੰ ਮੁਸ਼ਕਲ ਨਾਲ ਹੀ ਕੋਈ ਰਾਹਤ ਮਿਲੇਗੀ। ਉਸ ਦਿਨ ਤੋਂ ਬਹੁਤ ਪਹਿਲਾਂ ਹੀ ਸਫਲਤਾ ਦੇ ਕਿਸੇ ਮੌਕੇ ਨਾਲ ਸੰਸਾਰ ਮੰਡੀ ਉੱਪਰ ਖੁਦ ਦੀ ਪਕੜ ਦੇ ਚਾਹਵਾਨ ਕਿਸੇ ਵੀ ਦੇਸ਼ ਵਾਸਤੇ ਸੁਰੱਖਿਆ ਇੱਕ ਅਸਹਿ ਬੇੜੀ ਬਣ ਜਾਵੇਗੀ।

## ਟਿੱਪਣੀਆਂ

1. ਇਹ ਲੇਖ ਮਾਰਕਸ ਵੱਲੋਂ ਸੁਤੰਤਰ ਵਪਾਰ 'ਤੇ ਬਰਸਲਜ਼ ਵਿਖੇ 9 ਜਨਵਰੀ, 1848 ਨੂੰ ਦਿੱਤੀ ਗਈ ਤਕਰੀਰ ਦੇ ਮੁੱਖਬੰਧ ਵਜੋਂ ਏਂਗਲਜ਼ ਦੁਆਰਾ ਅੰਗ੍ਰੇਜ਼ੀ 'ਚ ਲਿਖਿਆ ਗਿਆ ਸੀ। ਏਂਗਲਜ਼ ਨੇ ਫਲੋਰੈਂਸ ਕੈਲੀ ਵਿਸ਼ਨੇਵੇਤਜ਼ਕੀ ਵਲੋਂ ਤਕਰੀਰ ਦੇ ਤਰਜਮੇ ਨੂੰ ਵੀ ਘੋਖਿਆ ਸੀ ਅਤੇ ਆਪਣੇ ਮੁੱਖਬੰਧ ਨੂੰ ਜਰਮਨ 'ਚ ਅਨੁਵਾਦਤ ਕੀਤਾ ਸੀ। ਇਹ ਪਹਿਲੀ ਵਾਰ ਇਸ ਭਾਸ਼ਾ 'ਚ 'Die Neue zert' No. 7, ਜੁਲਾਈ, 1888 ਵਿੱਚ ਛਪਿਆ ਸੀ।

ਅਗਸਤ ਦੇ ਦੂਜੇ ਅੱਧ 'ਚ ਇਹ ਮੂਲ ਅੰਗ੍ਰੇਜ਼ੀ 'ਚ ਨਿਊਯਾਰਕ ਦੇ 'The Labour Standard' ਵਿੱਚ ਛਪਿਆ ਸੀ। ਪੈਂਫਲੇਟ ਦੇ ਰੂਪ 'ਚ ਮਾਰਕਸ ਦੀ ਤਕਰੀਰ ਦੇ ਛਪਣ ਵਿੱਚ ਦੇਰ ਹੋ ਗਈ ਸੀ। ਕਿਉਂ ਜੋ ਬਹੁਤ ਸਾਰੇ ਪ੍ਰਕਾਸ਼ਕਾਂ ਨੇ ਇਸ ਨੂੰ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ ਸੀ ਅਤੇ ਇਹ ਸਿਤਬਰ, 1888 'ਚ 'Lee and shepherd publishers, Boston' ਵਲੋਂ ਛਾਪੇ ਜਾਣ ਤੋਂ ਪਹਿਲਾਂ ਤੱਕ ਛਪ ਨਾ ਸਕਿਆ ਸੀ। ਲੇਖ ਦਾ ਅੰਤਲਾ ਹਿੱਸਾ ਵੀ 27 ਅਕਤੂਬਰ, 1888 ਨੂੰ 'Der sozialist' (New York) ਵਿੱਚ ਜਰਮਨ ਭਾਸ਼ਾ 'ਚ ਵੀ ਛਪਿਆ ਸੀ।

2. ਇਥੇ ਇਸ਼ਾਰਾ ਅਨਾਜ ਕਾਨੂੰਨ ਦੀ ਮਨਸੂਖੀ ਦੇ ਉਸ ਕਾਨੂੰਨ ਵੱਲ ਹੈ ਜਿਹੜਾ ਕਿ 1846 ਵਿਚ ਪਾਸ ਕੀਤਾ ਗਿਆ ਸੀ। ਅਨਾਜ ਕਾਨੂੰਨਾਂ ਦੀ ਮਨਸੂਖੀ ਲਈ ਲਹਿਰ ਦੀ ਅਗਵਾਈ, ਅਨਾਜ ਕਾਨੂੰਨ ਵਿਰੋਧੀ ਲੀਗ ਨੇ ਕੀਤੀ। ਇਸ ਲੀਗ ਦੀ ਸਥਾਪਨਾ ਮਾਨਚੈਸਟਰ ਦੇ ਸਨਅਤਕਾਰਾਂ ਕਾਰਡਬੇਨ ਅਤੇ ਬਰਾਈਟ ਨੇ 1853 ਵਿਚ ਕੀਤੀ ਸੀ। ਬੇਰੋਕ-ਟੋਕ ਸੁਤੰਤਰ ਵਪਾਰ ਦੇ ਨਾਹਰੇ ਤਹਿਤ ਕੰਮ ਕਰਦਿਆਂ, ਲੀ ਬੂ-ਕੁਲੀਨਸ਼ਾਹੀ ਦੀ ਆਰਥਿਕ ਅਤੇ ਰਾਜਨੀਤਕ ਹੈਸੀਅਤ ਨੂੰ ਕਮਜ਼ੋਰ ਕਰਨ ਅਤੇ ਮਜ਼ਦੂਰਾਂ ਦੀਆਂ ਉਜਰਤਾਂ ਘਟਾਉਣ ਵਾਸਤੇ ਲੜੀ।

3. 'ਦਾ ਫਿਜ਼ਿਓਕ੍ਰੈਟਿਕ ਸਕੂਲ, ਫਿਜ਼ਿਓਕ੍ਰੈਟਸ-1750 ਵਿਆਂ 'ਚ ਫਰਾਂਸੀਸੀ ਬੁਰਜੂਆ ਕਲਾਸੀਕਲ ਰਾਜਨੀਤਕ ਅਰਥਸ਼ਾਸਤਰ ਵਿੱਚ ਉੱਭਰਿਆ ਇੱਕ ਰੁਝਾਨ। 'ਫਿਜ਼ਿਓਕ੍ਰੇਟਸ' ਕੁਦਰਤ ਨੂੰ ਦੌਲਤ ਦਾ ਇੱਕੋ-ਇੱਕ ਸ੍ਰੋਤ ਮੰਨਦੇ ਸਨ ਅਤੇ ਖੇਤੀ ਬਾੜੀ ਨੂੰ ਇੱਕੋ-ਇੱਕ ਖੇਤਰ ਮੰਨਦੇ ਸਨ ਜਿੱਥੇ ਕਿ ਕਦਰ ਪੈਦਾ ਹੁੰਦੀ ਸੀ। ਭਾਵੇਂ ਉਹ ਉਦਯੋਗ ਅਤੇ ਵਪਾਰ ਦੀ ਭੂਮਿਕਾ ਨੂੰ ਘੱਟ ਕਰਕੇ ਅੰਗਦੇ ਸਨ, ਉਨ੍ਹਾਂ (ਫਿਜ਼ੀਓਕ੍ਰੈਟਾਂ) ਨੇ ਗੇੜ ਦੇ ਖੇਤਰ ਦੀ ਬਜਾਇ ਉਤਪਾਦਨ ਦੇ ਖੇਤਰ 'ਚੋਂ ਵਾਧੂ ਕਦਰ ਦੇ ਸਰੋਤਾਂ ਦੀ ਖੋਜ ਵੱਲ ਧਿਆਨ ਮੋੜਨ ਵਿਚ ਇੱਕ ਮਹੱਤਵਪੂਰਨ ਸੇਵਾ ਕੀਤੀ ਸੀ, ਅਤੇ ਪੂੰਜੀਵਾਦੀ ਉਤਪਾਦਨ ਦੇ ਵਿਸ਼ਲੇਸ਼ਣ ਲਈ ਆਧਾਰ ਤਿਆਰ ਕੀਤਾ ਸੀ। ਵੱਡੇ ਪੱਧਰ ਦੀ ਪੂੰਜੀਵਾਦੀ ਖੇਤੀ ਦੀ ਵਕਾਲਤ ਕਰਦਿਆਂ ਉਨ੍ਹਾਂ ਜਗੀਰੂ ਅਰਥਚਾਰੇ ਦੇ ਮਰਨ ਕਿਨਾਰੇ ਪਏ ਸਰੂਪ ਨੂੰ ਵਿਖਾਇਆ, ਅਤੇ ਇਸ ਤਰ੍ਹਾਂ ਉਨ੍ਹਾਂ ਫਰਾਂਸ ਵਿੱਚ ਬੁਰਜੂਆ ਇਨਕਲਾਬ ਦੀ ਵਿਚਾਰਧਾਰਕ ਤਿਆਰੀ ਵਿੱਚ ਆਪਣਾ ਯੋਗਦਾਨ ਦਿੱਤਾ।

4. ਇਥੇ ਹਵਾਲਾ 1861-65 ਦੀ ਅਮਰੀਕੀ ਘਰੇਲੂ ਜੰਗ ਵੱਲ ਹੈ। ਦੱਖਣ ਦੇ ਗੁਲਾਮ ਮਾਲਕ ਯੂਨੀਅਨ ਵਿਰੁੱਧ ਉੱਠ ਖੜੇ ਸਨ ਅਤੇ ਉਨ੍ਹਾਂ ਦੱਖਣੀ ਰਾਜਾਂ ਦਾ ਇੱਕ ਰਾਜ ਸੰਘ ਬਣਾ ਲਿਆ ਸੀ। ਯੁੱਧ ਦਾ ਮੁੱਖ ਕਾਰਣ ਦੋ ਸਮਾਜਕ ਢਾਂਚਿਆਂ ਵਿਚਲਾ ਝਗੜਾ ਬਣਿਆ ਸੀ-ਇੱਕ ਪਾਸੇ ਉੱਤਰ ਵਿੱਚ ਉਸਰਿਆ ਉਜਰਤੀ ਕਿਰਤ ਦਾ ਪੂੰਜੀਵਾਦੀ ਪ੍ਰਬੰਧ, ਦੂਜੇ ਪਾਸੇ ਦੱਖਣ ਵਿੱਚ ਪ੍ਰਮੁੱਖ ਗੁਲਾਮਦਾਰੀ ਪ੍ਰਬੰਧ। ਘਰੇਲੂ ਜੰਗ, ਜਿਸਦਾ ਖਾਸਾ ਬੁਰਜੂਆ ਜਮਹੂਰੀ ਇਨਕਲਾਬ ਦਾ ਸੀ, ਨੇ ਆਪਣੇ ਵਿਕਾਸ ਦੀਆਂ ਦੋ ਮੰਜ਼ਿਲਾਂ ਤੈਅ ਕੀਤੀਆਂ-ਯੂਨੀਅਨ ਨੂੰ ਬਣਾਈ ਰੱਖਣ ਲਈ ਸੰਵਿਧਾਨਕ ਯੁੱਧ ਦਾ ਸਮਾਂ ਅਤੇ ਦੂਜਾ ਗੁਲਾਮਦਾਰੀ ਨੂੰ ਖਤਮ ਕਰਨ ਲਈ ਇਨਕਲਾਬੀ ਜੰਗ ਦਾ ਸਮਾਂ। ਦੱਖਣ ਵਾਲਿਆਂ ਦੀ ਹਾਰ ਵਿੱਚ ਫੈਸਲਾਕੁੰਨ

ਭੂਮਿਕਾ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਨਿਭਾਈ ਗਈ ਸੀ।

5. 'ਪਾਰਲੀਮੈਂਟਰੀ ਟ੍ਰੇਨ'-ਇੰਗਲੈਂਡ ਵਿਚਲੀ ਇੱਕ ਤੀਜੇ ਦਰਜੇ ਦੀ ਰੇਲਗੱਡੀ ਦਾ ਨਾਂਅ। 1844 ਦੇ ਕਾਨੂੰਨ ਅਧੀਨ, ਜਿਸ ਲਈ ਹਰੇਕ ਰੇਲਵੇ ਕੰਪਨੀ ਨੂੰ ਮਜਬੂਰ ਕੀਤਾ ਗਿਆ ਕਿ ਇਸਨੂੰ ਰੋਜ਼ਾਨਾ 12 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਚਲਾਇਆ ਜਾਵੇ ਅਤੇ ਕਿਰਾਇਆ ਇੱਕ ਪੈਨੀ ਪ੍ਰਤੀ ਮੀਲ ਤੋਂ ਵੱਧ ਨਾ ਹੋਵੇ।

6. ਇੱਥੇ ਹਵਾਲਾ 23 ਜਨਵਰੀ, 1860 ਨੂੰ ਇੰਗਲੈਂਡ ਅਤੇ ਫਰਾਂਸ ਵਿਚਕਾਰ ਹੋਏ ਵਪਾਰ ਸਮਝੌਤੇ ਵੱਲ ਹੈ। ਇੰਗਲੈਂਡ ਵੱਲੋਂ ਮੁੱਖ ਹਸਤੀ ਸੀ 'ਖੁੱਲ੍ਹਾ' ਵਪਾਰੀ ਰਿਚਰਡ ਕੋਬਡੇਨ। ਸਮਝੌਤੇ ਅਧੀਨ ਫਰਾਂਸ ਨੇ ਆਪਣੀ ਰੋਕ ਲਾਊ ਕਸਟਮ ਨੀਤੀ ਨੂੰ ਤਿਆਗ ਦਿੱਤਾ ਅਤੇ ਅਜਿਹੇ ਕਰ ਪੇਸ਼ ਕੀਤੇ ਜੋ ਵਸਤਾਂ ਦੀ ਕੀਮਤ ਦੇ ਪਹਿਲਾਂ 30 ਫੀਸਦੀ ਅਤੇ ਬਾਦ 'ਚ 25 ਫੀਸਦੀ ਤੋਂ ਵੱਧ ਨਹੀਂ ਸਨ ਹੋ ਸਕਦੇ। ਸਮਝੌਤੇ ਅਧੀਨ ਫਰਾਂਸ ਨੂੰ ਵੱਡੀ ਮਾਤਰਾ 'ਚ ਆਪਣੀਆਂ ਵਸਤਾਂ ਬਿਨਾਂ ਕਰਾਂ ਤੋਂ ਇੰਗਲੈਂਡ ਨੂੰ ਨਿਰਯਾਤ ਕਰਨ ਦਾ ਮੌਕਾ ਮਿਲ ਗਿਆ। ਸਮਝੌਤੇ ਦਾ ਇੱਕ ਸਿੱਟਾ ਇਹ ਸੀ ਕਿ ਅੰਗ੍ਰੇਜ਼ੀ ਵਸਤਾਂ ਦੇ ਆਗਮਨ ਕਰਕੇ ਘਰੇਲੂ ਮੰਡੀ ਵਿੱਚ ਮੁਕਾਬਲਾ ਵਧਦਾ ਗਿਆ ਜਿਸ ਨੇ ਕਿ ਫਰਾਂਸੀਸੀ ਉਤਪਾਦਕਾਂ ਅਤੇ ਉਦਯੋਗਪਤੀਆਂ ਦਰਮਿਆਨ ਗੁੱਸੇ ਨੂੰ ਭੜਕਾਇਆ।

7. 'ਦਿ ਮਾਨਚੈਸਟਰ ਸਕੂਲ'-ਆਰਥਿਕ ਚਿੰਤਨ 'ਚ ਇੱਕ ਝੁਕਾਅ ਜੋ ਉਦਯੋਗਿਕ ਬੁਰਜੂਆਜ਼ੀ ਦੇ ਹਿੱਤਾਂ ਨੂੰ ਪ੍ਰਗਟਾਉਂਦਾ ਸੀ। ਇਸਦੇ ਪੈਰੋਕਾਰ, ਜੋ 'ਸੁਤੰਤਰ ਵਪਾਰੀ' ਕਹਾਉਂਦੇ ਸਨ, ਵਪਾਰ ਦੀ ਆਜ਼ਾਦੀ ਅਤੇ ਸਰਕਾਰ ਵਲੋਂ ਆਰਥਿਕ ਜੀਵਨ 'ਚ ਗੈਰ-ਦਖਲ ਅੰਦਾਜ਼ੀ ਦੀ ਵਕਾਲਤ ਕਰਦੇ ਸਨ। ਮਾਨਚੈਸਟਰ 'ਸੁਤੰਤਰ ਵਪਾਰੀਆਂ' ਦੀਆਂ ਸਰਗਰਮੀਆਂ ਦਾ ਕੇਂਦਰ ਸੀ ਜਿੱਥੇ ਸਰਕਾਰ ਦੇ ਮੁੱਖੀ ਦੋ ਕੱਪੜਾ ਉਤਪਾਦਕ, ਰਿਚਰਡ ਕੋਬਡੇਨ ਅਤੇ ਜੌਹਨ ਬ੍ਰਾਈਟ ਸਨ, ਜਿਨ੍ਹਾਂ ਨੇ 1838 'ਚ 'ਅਨਾਜ ਕਾਨੂੰਨ ਵਿਰੋਧੀ ਲੀਗ' ਦੀ ਨੀਂਹ ਰੱਖੀ ਸੀ। 1840 ਵਿਆਂ ਅਤੇ 1850 ਵਿਆਂ 'ਚ 'ਸੁਤੰਤਰ ਵਪਾਰੀਆਂ' ਨੇ ਇੱਕ ਵੱਖਰਾ ਰਾਜਨੀਤਕ ਸਮੂਹ ਬਣਾਇਆ, ਜਿਸ 'ਚੋਂ ਅੱਗੇ ਜਾ ਕੇ ਲਿਬਰਲ ਪਾਰਟੀ ਦਾ ਖੱਬਾ ਧੜਾ ਉੱਸਰਿਆ।

# ਸੁਤੰਤਰ ਵਪਾਰ ਦਾ ਸੁਆਲ

-ਕਾਰਲ ਮਾਰਕਸ

ਇੰਗਲੈਂਡ ਵਿੱਚ ਅਨਾਜ ਦੇ ਕਾਨੂੰਨ ਦੀ ਮਨਸੂਖੀ ਉਨ੍ਹੀਵੀਂ ਸਦੀ ਵਿੱਚ ਸੁਤੰਤਰ ਵਪਾਰ ਦੀ ਸਭ ਤੋਂ ਵੱਡੀ ਜਿੱਤ ਹੈ। ਹਰ ਮੁਲਕ ਵਿੱਚ ਜਿੱਥੇ ਕਾਰਖਾਨੇਦਾਰ ਸੁਤੰਤਰ ਵਪਾਰ ਦੀ ਗੱਲ ਕਰਦੇ ਹਨ ਉਨ੍ਹਾਂ ਦੇ ਮਨ੍ਹਾਂ 'ਚ ਮੁੱਖ ਤੌਰ 'ਤੇ ਕੱਚੇ ਮਾਲ ਦੇ ਸੁਤੰਤਰ ਵਪਾਰ ਦਾ ਖਿਆਲ ਹੁੰਦਾ ਹੈ। ਬਦੇਸ਼ੀ ਅਨਾਜ ਉੱਪਰ ਸੁਰੱਖਿਅਤ ਟੈਕਸ ਠੋਸਣਾ ਬਦਨਾਮ ਕਰਮ ਹੈ, ਇਹ ਲੋਕਾਂ ਦੇ ਭੋਖੜੇ ਤੇ ਸੱਟੇਬਾਜ਼ੀ ਕਰਨਾ ਹੈ। ਸਸਤੀ ਖੁਰਾਕ, ਜ਼ਿਆਦਾ ਉਜਰਤ-ਇਹ ਇੱਕੋ ਇੱਕ ਨਿਸ਼ਾਨਾ ਹੈ। ਇਸ ਲਈ ਅੰਗਰੇਜ਼ ਸੁਤੰਤਰ-ਵਪਾਰੀਆਂ ਨੇ ਲੱਖਾਂ ਖਰਚ ਦਿੱਤੇ ਹਨ ਅਤੇ ਉਨ੍ਹਾਂ ਦਾ ਉਤਸ਼ਾਹ ਪਹਿਲਾਂ ਹੀ ਉਨ੍ਹਾਂ ਦੇ ਯੂਰਪੀ ਭਰਾਵਾਂ ਤੱਕ ਫੈਲ ਚੁੱਕਾ ਹੈ। ਆਮ ਤੌਰ 'ਤੇ ਉਹ ਲੋਕ ਸੁਤੰਤਰ ਵਪਾਰ ਦੇ ਇਛੁੱਕ ਹਨ, ਤਾਂ ਕਿ ਮਜ਼ਦੂਰ ਜਮਾਤ ਦੀ ਹਾਲਤ ਚੰਗੇਰੀ ਬਣਾਈ ਜਾਏ।

ਪਰ ਅਜੀਬ ਗੱਲ ਹੈ। ਜਿਨ੍ਹਾਂ ਲੋਕਾਂ ਲਈ ਹਰ ਕੀਮਤ ਉੱਪਰ ਸਸਤੀ ਖੁਰਾਕ ਪ੍ਰਾਪਤ ਕੀਤੀ ਜਾਣੀ ਹੈ ਉਹ ਬੜੇ ਕ੍ਰਿਤਘਣ ਹਨ। ਇੰਗਲੈਂਡ ਵਿੱਚ ਸਸਤੀ ਖੁਰਾਕ ਓਨੀ ਹੀ ਗੈਰ-ਸਨਮਾਨਿਤ ਹੈ ਜਿੰਨੀ ਕਿ ਫਰਾਂਸ ਵਿੱਚ ਸਸਤੀ ਸਰਕਾਰ। ਲੋਕ ਬਰਾਊਨਿੰਗ, ਬਰਾਈਟ ਐਂਡ ਕੰਪਨੀ, ਵਰਗੇ ਆਪਾ-ਵਾਰੂ ਲੋਕਾਂ ਨੂੰ ਆਪਣਾ ਕੱਟੜ ਦੁਸ਼ਮਣ ਅਤੇ ਅਤਿ ਬੇਸ਼ਰਮ ਦੰਭੀ ਖਿਆਲ ਕਰਦੇ ਹਨ।

ਹਰ ਕੋਈ ਜਾਣਦਾ ਹੈ ਕਿ ਇੰਗਲੈਂਡ ਵਿੱਚ ਲਿਬਰਲਾਂ ਅਤੇ ਡੈਮੋਕਰੇਟਾਂ ਵਿਚਲੀ ਲੜਾਈ ਸੁਤੰਤਰ ਵਪਾਰੀਆਂ ਅਤੇ ਚਾਰਟਿਸਟਾਂ ਦੇ ਨਾਂਅ ਥੱਲੇ ਚੱਲਦੀ ਹੈ।

ਆਓ ਹੁਣ ਦੇਖੀਏ ਕਿ ਕਿਸ ਤਰ੍ਹਾਂ ਅੰਗਰੇਜ਼ ਸੁਤੰਤਰ ਵਪਾਰੀਆਂ ਨੇ ਆਪਣੀਆਂ ਸਭ ਭਾਵਨਾਵਾਂ, ਜੋ ਉਨ੍ਹਾਂ ਨੂੰ ਪ੍ਰੇਰਦੀਆਂ ਹਨ, ਨੂੰ ਲੋਕਾਂ ਸਾਹਮਣੇ ਸਿੱਧ ਕੀਤਾ ਹੈ।

ਜੋ ਕੁਝ ਉਨ੍ਹਾਂ ਨੇ ਫੈਕਟਰੀਆਂ ਦੇ ਮਜ਼ਦੂਰਾਂ ਨੂੰ ਕਿਹਾ ਸੀ ਉਹ ਇਹ ਹੈ-

"ਅਨਾਜ ਉੱਪਰ ਲਾਇਆ ਗਿਆ ਮਹਿਸੂਲ ਉਜਰਤਾਂ ਉੱਪਰ ਟੈਕਸ ਹੈ, ਇਹ ਟੈਕਸ ਤੁਸੀਂ ਉਨ੍ਹਾਂ ਮਧਕਾਲੀਨ ਅਮੀਰਜ਼ਾਦਿਆਂ, ਜਗੀਰਦਾਰਾਂ ਨੂੰ ਦੇਂਦੇ ਹੋ। ਜੇ ਤੁਹਾਡੀ ਹਾਲਤ ਗੰਦੀ ਹੈ ਤਾਂ ਇਸ ਦਾ ਕਾਰਨ ਜ਼ਿੰਦਗੀ ਦੀਆਂ ਫੌਰੀ ਲੋੜਾਂ ਦੀ ਮਹਿੰਗਾਈ ਹੈ।"

ਮਜ਼ਦੂਰਾਂ ਨੇ ਅੱਗੋਂ ਕਾਰਖਾਨੇਦਾਰਾਂ ਤੋਂ ਪੁਛਿਆ-

"ਇਸ ਦਾ ਕਾਰਨ ਕੀ ਹੈ ਕਿ ਪਿਛਲੇ ਤੀਹ ਸਾਲਾਂ ਦੇ ਅਰਸੇ ਵਿੱਚ, ਜਦ ਕਿ ਸਾਡੀ ਸੱਨਅਤ ਸਭ ਤੋਂ ਜ਼ਿਆਦਾ ਵਿਕਸਤ ਹੋਈ ਹੈ, ਤਾਂ ਅਨਾਜ ਦੀਆਂ ਕੀਮਤਾਂ ਜਿੰਨੀਆਂ ਜ਼ਿਆਦਾ ਚੜ੍ਹੀਆਂ ਹਨ ਉਸ ਤਨਾਸਬ ਨਾਲ ਸਾਡੀਆਂ ਤਨਖਾਹਾਂ ਉਸ ਨਾਲੋਂ ਵੀ ਜ਼ਿਆਦਾ ਥੱਲੇ ਗਈਆਂ ਹਨ।

"ਟੈਕਸ, ਜਿਸ ਬਾਰੇ ਤੁਸੀਂ ਕਹਿੰਦੇ ਹੋ ਕਿ ਅਸੀਂ ਜਗੀਰਦਾਰਾਂ ਨੂੰ ਦਿੰਦੇ ਹਾਂ, ਇੱਕ ਹਫਤੇ ਦਾ ਤਿੰਨ ਪੈਸੇ ਫੀ ਮਜ਼ਦੂਰ ਹੈ। ਅਤੇ ਫਿਰ ਵੀ ਹੱਥ ਖੱਡੀਆਂ ਦਾ ਕੰਮ ਕਰਨ ਵਾਲਿਆਂ

ਦੀ ਤਨਖਾਹ 1815 ਅਤੇ 1843 ਦੇ ਦੌਰਾਨ 28 ਸ਼ਲਿੰਗ ਫ਼ੀ ਹਫ਼ਤੇ ਤੋਂ ਡਿੱਗ ਕੇ 5 ਸ਼ਲਿੰਗ ਤੇ ਆ ਗਈ ਹੈ ਅਤੇ ਮਸ਼ੀਨੀ ਖੱਡੀਆਂ ਦਾ ਕੰਮ ਕਰਨ ਵਾਲਿਆਂ ਦੀ ਤਨਖਾਹ 1823 ਅਤੇ 1843 ਦੇ ਦੌਰਾਨ 20 ਸ਼ਲਿੰਗ ਹਫ਼ਤਾਵਾਰੀ ਤੋਂ 8 ਸ਼ਲਿੰਗ ਤੇ।

ਅਤੇ ਇਸ ਸਾਰੇ ਸਮੇਂ ਦੇ ਦੌਰਾਨ ਟੈਕਸ ਦਾ ਉਹ ਹਿੱਸਾ ਜਿਹੜਾ ਅਸੀਂ ਜਗੀਰਦਾਰਾਂ ਨੂੰ ਦੇਂਦੇ ਹਾਂ, ਕਦੀ ਵੀ ਤਿੰਨ ਪੈਸੇ ਤੋਂ ਨਹੀਂ ਵਧਿਆ। ਅਤੇ ਫਿਰ ਸੰਨ 1834 ਵਿੱਚ, ਜਦੋਂ ਰੋਟੀ ਬਹੁਤ ਸਸਤੀ ਸੀ ਅਤੇ ਕੰਮ ਬੜਾ ਸੁਹਣਾ ਚੱਲ ਰਿਹਾ ਸੀ, ਤੁਸੀਂ ਸਾਨੂੰ ਕੀ ਕਿਹਾ ਸੀ? ਤੁਸੀਂ ਆਖਿਆ ਸੀ, ਜੇ ਤੁਸੀਂ ਬਦਕਿਸਮਤ ਹੋ ਤਾਂ ਇਸਦਾ ਕਾਰਨ ਇਹ ਹੈ ਕਿ ਤੁਹਾਡੇ ਬੱਚੇ ਬਹੁਤ ਜ਼ਿਆਦਾ ਨੇ, ਅਤੇ ਤੁਹਾਡੀ ਮਿਹਨਤ ਨਾਲੋਂ ਤੁਹਾਡੇ ਵਿਆਹ ਜ਼ਿਆਦਾ ਉਪਜਾਊ ਨੇ।"

"ਬਿਲਕੁਲ ਇਹੀ ਸ਼ਬਦ ਜਿਹੜੇ ਤੁਸੀਂ ਸਾਨੂੰ ਕਹੇ ਸਨ ਅਤੇ ਤੁਸੀਂ ਗਰੀਬਾਂ ਲਈ ਕਾਨੂੰਨ ਘੜਨ ਅਤੇ ਪਰੋਲੇਤਾਰੀ ਲਈ ਬੈਸਟਾਈਲ, ਗਰੀਬਖਾਨੇ ਬਣਾਉਣ ਤੇ ਜੁਟ ਪਏ ਸੀ।"

ਇਸਦਾ ਕਾਰਖਾਨੇਦਾਰਾਂ ਨੇ ਜੁਆਬ ਦਿੱਤਾ-

"ਐ ਸੁਯੋਗ ਮਜ਼ਦੂਰੋ, ਤੁਸੀਂ ਠੀਕ ਹੋ, ਤਨਖਾਹਾਂ ਨੂੰ ਨਿਸ਼ਚਿਤ ਕਰਨ ਵਾਲੀ ਚੀਜ਼ ਸਿਰਫ਼ ਅਨਾਜ ਦੀ ਕੀਮਤ ਹੀ ਨਹੀਂ ਸਗੋਂ ਕੰਮ ਕਰਨ ਵਾਲੇ ਲੋਕਾਂ ਦਾ ਆਪਸ ਵਿੱਚ ਮੁਕਾਬਲਾ ਵੀ ਹੈ।"

"ਪਰ ਇੱਕ ਗੱਲ ਧਿਆਨ ਨਾਲ ਸੋਚੋ ਕਿ ਸਾਡੀ ਧਰਤੀ ਪੱਥਰਾਂ ਅਤੇ ਰੇਤੇ ਦੀ ਬਣੀ ਹੋਈ ਹੈ। ਯਕੀਨਨ ਤੁਸੀਂ ਇਹ ਕਲਪਨਾ ਨਹੀਂ ਕਰਦੇ ਕਿ ਅਨਾਜ ਫੁੱਲਦਾਨਾਂ ਵਿੱਚ ਉਗਾਇਆ ਜਾ ਸਕਦਾ ਹੈ। ਸੋ ਜੇ ਬਿਲਕੁਲ ਬੰਜਰ ਜ਼ਮੀਨ ਉੱਪਰ ਆਪਣਾ ਸਰਮਾਇਆ ਅਤੇ ਮਿਹਨਤ ਰੋੜ੍ਹਨ ਦੀ ਥਾਂ ਅਸੀਂ ਖੇਤੀਬਾੜੀ ਨੂੰ ਛੱਡ ਹੀ ਦੇਈਏ ਅਤੇ ਸਿਰਫ਼ ਸੱਨਅਤ ਵੱਲ ਚੰਗੀ ਤਰ੍ਹਾਂ ਜੁਟ ਜਾਈਏ, ਤਾਂ ਸਾਰਾ ਯੂਰਪ ਆਪਣੀਆਂ ਫੈਕਟਰੀਆਂ ਛੱਡ ਦੇਵੇਗਾ ਅਤੇ ਇੰਗਲੈਂਡ ਇੱਕ ਵੱਡਾ ਸੱਨਅਤੀ ਸ਼ਹਿਰ ਬਣ ਜਾਏਗਾ ਅਤੇ ਬਾਕੀ ਸਾਰਾ ਯੂਰਪ ਇਸ ਦੇ ਪਿੰਡਾਂ ਦਾ ਕੰਮ ਸਾਰੇਗਾ।"

ਜਦ ਕਾਰਖਾਨੇਦਾਰ ਆਪਣੇ ਮਜ਼ਦੂਰ ਨੂੰ ਇਸ ਤਰ੍ਹਾਂ ਲੈਕਚਰ ਝਾੜ ਕੇ ਪ੍ਰੇਸ਼ਾਨ ਕਰ ਰਿਹਾ ਹੁੰਦਾ ਹੈ ਤਾਂ ਛੋਟਾ ਵਪਾਰੀ ਉਸ ਤੇ ਸੁਆਲ ਕਰਦਾ ਹੈ ਅਤੇ ਕਹਿੰਦਾ ਹੈ.

"ਜੇ ਅਸੀਂ ਅਨਾਜ ਦਾ ਕਾਨੂੰਨ ਮਨਸੂਖ ਕਰ ਦੇਈਏ, ਅਸੀਂ ਬੇਸ਼ੱਕ ਜ਼ਰਾਇਤ ਨੂੰ ਤਬਾਹ ਕਰ ਦੇਵਾਂਗੇ, ਪਰ ਇਸ ਸਭ ਕੁਝ ਨਾਲ, ਅਸੀਂ ਦੁਨੀਆਂ ਦੀਆਂ ਕੌਮਾਂ ਨੂੰ ਮਜਬੂਰ ਨਹੀਂ ਕਰਾਂਗੇ ਕਿ ਉਹ ਆਪਣੀਆਂ ਫੈਕਟਰੀਆਂ ਛੱਡ ਦੇਣ ਅਤੇ ਮਾਲ ਸਾਥੋਂ ਖਰੀਦਣ।

ਨਤੀਜਾ ਕੀ ਹੋਵੇਗਾ? ਮੈਂ ਉਹ ਗਾਹਕ ਗੁਆ ਬੈਠਾਂਗਾ ਜਿਹੜੇ ਕਿ ਹੁਣ ਮੁਲਕ ਵਿੱਚ ਹਨ ਅਤੇ ਅੰਦਰੂਨੀ ਵਪਾਰ ਆਪਣੀ ਮੰਡੀ ਗੁਆ ਬੈਠੇਗਾ।"

ਆਪਣੀ ਪਿੱਠ ਮਜ਼ਦੂਰਾਂ ਵੱਲ ਮੋੜ ਕੇ, ਕਾਰਖਾਨੇਦਾਰ ਦੁਕਾਨਦਾਰ ਨੂੰ ਜੁਆਬ ਦਿੰਦਾ ਹੈ।

"ਜਿੱਥੋਂ ਤੱਕ ਤੁਹਾਡਾ ਸੁਆਲ ਹੈ, ਇਹ ਗੱਲ ਤੁਸੀਂ ਸਾਡੇ ਤੇ ਛੱਡ ਦੇਵੋ। ਇੱਕ

ਵਾਰੀ ਅਨਾਜ ਦੇ ਮਹਿਸੂਲ ਤੋਂ ਛੁਟਕਾਰਾ ਪਾ ਲਵੇ, ਅਸੀਂ ਬਾਹਰੋਂ ਸਸਤਾ ਅਨਾਜ ਦਰਾਮਦ ਕਰਾਂਗੇ। ਫਿਰ ਅਸੀਂ ਬਿਲਕੁਲ ਉਸ ਵਕਤ ਉਜਰਤਾਂ ਘਟਾ ਦੇਵਾਂਗੇ ਜਦੋਂ ਉਹ ਉਨ੍ਹਾਂ ਦੇਸ਼ਾਂ ਵਿੱਚ ਵੱਧ ਰਹੀਆਂ ਹੋਣਗੀਆਂ, ਜਿਨ੍ਹਾਂ ਤੋਂ ਅਸੀਂ ਅਨਾਜ ਲੈਂਦੇ ਹਾਂ।

"ਸੋ ਉਨ੍ਹਾਂ ਸਭ ਫ਼ਾਇਦਿਆਂ ਤੋਂ ਉਪਰੰਤ, ਜੋ ਕਿ ਅਸੀਂ ਪਹਿਲਾਂ ਹੀ ਮਾਣ ਰਹੇ ਹਾਂ, ਸਾਨੂੰ ਘੱਟ ਉਜਰਤਾਂ ਦੇਣ ਦਾ ਇੱਕ ਹੋਰ ਫਾਇਦਾ ਹੋ ਜਾਏਗਾ ਅਤੇ ਇਨ੍ਹਾਂ ਸਾਰੇ· ਫ਼ਾਇਦਿਆਂ ਨਾਲ ਅਸੀਂ ਆਸਾਨੀ ਨਾਲ ਸਾਰੇ ਯੂਰਪ ਨੂੰ ਆਪਣੇ ਕੋਲੋਂ ਮਾਲ ਖਰੀਦਣ ਲਈ ਮਜਬੂਰ ਕਰ ਦੇਵਾਂਗੇ।"

ਪਰ ਹੁਣ ਕਿਸਾਨ ਅਤੇ ਦੇਹਾਤੀ ਮਜ਼ਦੂਰ ਬਹਿਸ ਵਿੱਚ ਸ਼ਾਮਲ ਹੋ ਜਾਂਦੇ ਹਨ।

"ਪਰ ਸ਼੍ਰੀ ਮਾਨ ਜੀ, ਸਾਡਾ ਕੀ ਬਣੇਗਾ?"

"ਕੀ ਤੁਸੀਂ ਜ਼ਰਾਇਤ ਉੱਪਰ ਮੌਤ ਦੀ ਸਜ਼ਾ ਲਾ ਰਹੇ ਹੋ ਜਿਸਤੋਂ ਕਿ ਅਸੀਂ ਆਪਣੀ ਰੋਜ਼ੀ ਕਮਾਉਂਦੇ ਹਾਂ? ਕੀ ਆਪਣੇ ਪੈਰਾਂ ਥੱਲਿਓਂ ਜ਼ਮੀਨ ਨੂੰ ਖੁਸ ਜਾਣ ਦੇਈਏ?"

ਇਸ ਪੂਰੇ ਦੇ ਜੁਆਬ ਵਿਚ ਅਨਾਜ ਦੇ ਕਾਨੂੰਨ ਵਿਰੋਧੀ ਲੀਗ ਨੇ "ਅਨਾਜ ਦੇ ਕਾਨੂੰਨ ਦੀ ਮਨਸੂਖੀ ਦਾ ਇੰਗਲੈਂਡ ਦੀ ਜ਼ਰਾਇਤ ਉੱਪਰ ਲਾਭਦਾਇਕ ਪ੍ਰਭਾਵ" ਉੱਪਰ ਤਿੰਨ ਸਭ ਤੋਂ ਉੱਤਮ ਲੇਖਾਂ ਨੂੰ ਇਨਾਮ ਪੇਸ਼ ਕਰਕੇ ਸਬਰ ਕਰ ਲਿਆ ਹੈ।

ਇਹ ਇਨਾਮ ਸਰਬ-ਸਿਰੀ ਹੋਪ, ਮੋਰਜ ਅਤੇ ਗਰੇਗ ਲੈ ਗਏ ਅਤੇ ਇਨ੍ਹਾਂ ਦੇ ਲੇਖਾਂ ਦੀਆਂ ਕਾਪੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਸਭ ਕਸਬਿਆਂ ਵਿੱਚ ਵੰਡੀਆਂ ਗਈਆਂ।

ਇਨਾਮ ਜਿੱਤਣ ਵਾਲਿਆਂ ਵਿੱਚੋਂ ਪਹਿਲੇ ਨੇ ਇਹ ਸਿੱਧ ਕਰਨ ਤੇ ਜ਼ੋਰ ਲਾਇਆ ਕਿ ਨਾ ਤਾਂ ਮੁਜ਼ਾਰਾ ਵਾਹਕ ਤੇ ਨਾ ਹੀ ਦਿਹਾਤੀ ਮਜ਼ਦੂਰ ਸਗੋਂ ਕੇਵਲ ਜਗੀਰਦਾਰ ਹੀ ਬਦੇਸ਼ੀ ਅਨਾਜ ਦੀ ਖੁੱਲ੍ਹੀ ਦਰਾਮਦ ਤੋਂ ਨੁਕਸਾਨ ਉਠਾਵੇਗਾ, ਅੰਗਰੇਜ਼ ਮੁਜ਼ਾਰੇ ਕਿਸਾਨ ਨੂੰ ਅਨਾਜ ਦੇ ਕਾਨੂੰਨ ਦੀ ਮਨਸੂਖੀ ਤੋਂ ਡਰਨਾ ਨਹੀਂ ਚਾਹੀਦਾ, ਉਹ ਕਹਿ ਉਠਦਾ ਹੈ, "ਕਿਉਂਕਿ ਹੋਰ ਕੋਈ ਦੇਸ਼ ਏਨਾ ਚੰਗਾ ਅਨਾਜ ਏਨਾ ਸਸਤਾ ਪੈਦਾ ਨਹੀਂ ਕਰ ਸਕਦਾ ਜਿੰਨਾ ਕਿ ਇੰਗਲੈਂਡ।"

"ਇਸ ਲਈ ਅਨਾਜ ਦੀ ਕੀਮਤ ਡਿੱਗ ਵੀ ਪਵੇ ਤਾਂ ਵੀ ਇਹ ਤੁਹਾਨੂੰ ਨੁਕਾਸਨ ਨਹੀਂ ਪੁਚਾਏਗੀ ਕਿਉਂਕਿ ਇਹ ਕਮੀ ਸਿਰਫ਼ ਕਰਾਏ ਤੇ ਅਸਰ ਅੰਦਾਜ਼ ਹੋਵੇਗੀ, ਜੋ ਕਿ ਘੱਟ ਜਾਏਗਾ, ਸਨਅਤੀ ਲਾਭ ਅਤੇ ਉਜਰਤਾਂ ਉੱਪਰ ਇਹ ਬਿਲਕੁਲ ਅਸਰ ਨਹੀਂ ਕਰੇਗੀ ਅਤੇ ਇਹ ਇੱਕ-ਥਾਂ ਰਹਿਣਗੇ।"

ਦੂਜੇ ਇਨਾਮ ਜੇਤੂ ਸ਼੍ਰੀ ਮੋਰਸ ਦਾ ਇਸ ਤੋਂ ਉਲਟ ਇਹ ਵਿਚਾਰ ਹੈ ਕਿ ਮਨਸੂਖੀ ਦੇ ਸਿੱਟੇ ਵਜੋਂ ਅਨਾਜ ਦੀ ਕੀਮਤ ਵਧੇਗੀ। ਉਹ ਇਹ ਸਿੱਧ ਕਰਨ 'ਤੇ ਬੇਹੱਦ ਜ਼ੋਰ ਲਾਉਂਦਾ ਹੈ ਕਿ ਰੱਖਿਅਕ ਮਹਿਸੂਲ ਅਨਾਜ ਵਾਸਤੇ ਲਾਹੇਵੰਦੀ ਕੀਮਤ ਵਸੂਲ ਕਰਨ ਵਿੱਚ ਕਦੀ ਵੀ ਸਹਾਈ ਨਹੀਂ ਹੋਏ।

ਆਪਣੇ ਵਿਸ਼ਵਾਸ ਦੀ ਪ੍ਰੋੜ੍ਹਤਾ ਵਜੋਂ ਉਹ ਇਹ ਹਕੀਕਤ ਪੇਸ਼ ਕਰਦਾ ਹੈ ਕਿ ਜਦੋਂ ਕਦੀ ਵੀ ਬਦੇਸ਼ੀ ਅਨਾਜ ਦੀ ਬਰਾਮਦ ਕੀਤੀ ਗਈ ਹੈ, ਇੰਗਲੈਂਡ ਵਿੱਚ ਅਨਾਜ ਦੀ ਕੀਮਤ ਕਾਫ਼ੀ ਜ਼ਿਆਦਾ ਚੜ੍ਹੀ ਹੈ, ਜਦੋਂ ਬਹੁਤ ਘੱਟ ਅਨਾਜ ਦੀ ਦਰਾਮਦ ਹੋਈ ਹੈ, ਤਾਂ

ਕੀਮਤ ਕਾਫੀ ਥੱਲੇ ਡਿੱਗੀ ਹੈ। ਇਨਾਮ ਜੇਤੂ ਇਹ ਭੁੱਲ ਜਾਂਦਾ ਹੈ ਕਿ ਦਰਾਮਦ ਕੀਮਤਾਂ ਦੇ ਚੜ੍ਹਨ ਦਾ ਕਾਰਨ ਨਹੀਂ ਸੀ ਸਗੋਂ ਚੜ੍ਹੀਆਂ ਕੀਮਤਾਂ ਦਰਾਮਦ ਦਾ ਕਾਰਨ ਸਨ।

ਅਤੇ ਆਪਣੇ ਸਾਥੀ ਇਨਾਮ ਜੇਤੂ ਤੋਂ ਬਿਲਕੁਲ ਉਲਟ ਉਹ ਇਸ ਗੱਲ 'ਤੇ ਜ਼ੋਰ ਦੇਂਦਾ ਹੈ ਕਿ ਅਨਾਜ ਦੀ ਕੀਮਤ ਵਿੱਚ ਹੋਰ ਵਾਧਾ ਮਜ਼ਦੂਰ ਅਤੇ ਮੁਜ਼ਾਰੇ ਵਾਹਕ ਦੋਹਾਂ ਲਈ ਲਾਭਵੰਦ ਹੈ, ਪਰ ਜ਼ਿਮੀਂਦਾਰ ਲਈ ਨਹੀਂ।

ਤੀਜਾ ਇਨਾਮ ਜੇਤੂ ਮਿ. ਗਰੈਗ, ਇੱਕ ਵੱਡਾ ਕਾਰਖਾਨੇਦਾਰ ਹੈ ਅਤੇ ਉਸ ਦੀ ਕਿਰਤ ਵੱਡੇ ਪੈਮਾਨੇ ਤੇ ਮੁਜ਼ਾਰੇ ਕਿਰਸਾਣਾਂ ਨੂੰ ਮੁਖਾਤਬ ਕੀਤੀ ਗਈ ਹੈ। ਉਹ ਇਹੋ ਜਿਹੀਆਂ ਮੂਰਖਤਾਈਆਂ ਨਾਲ ਸਹਿਮਤੀ ਨਹੀਂ ਸੀ ਰੱਖ ਸਕਦਾ। ਉਸਦੀ ਬੋਲੀ ਵਧੇਰੇ ਵਿਗਿਆਨਕ ਹੈ।

ਉਹ ਮੰਨਦਾ ਹੈ ਕਿ ਅਨਾਜ ਦੇ ਕਾਨੂੰਨ ਸਿਰਫ਼ ਅਨਾਜ ਦੀ ਕੀਮਤ ਵਧਾਉਣ ਨਾਲ ਹੀ ਕਰਾਇਆ ਵਧਾ ਸਕਦੇ ਹਨ, ਅਤੇ ਉਹ ਕਾਨੂੰਨ ਅਨਾਜ ਦੀ ਕੀਮਤ ਸਿਰਫ ਤਾਂ ਹੀ ਵਧਾ ਸਕਦੇ ਹਨ ਜੇ ਉਹ ਸਰਮਾਏ ਨੂੰ ਘਟੀਆ ਦਰਜੇ ਦੀ ਜ਼ਮੀਨ ਉੱਪਰ ਲਾਉਣ ਲਈ ਮਜਬੂਰ ਕਰ ਦੇਣ, ਅਤੇ ਇਸ ਦੀ ਵਿਆਖਿਆ ਬੜੀ ਸੌਖੀ ਹੈ।

ਜੇ ਬਦੇਸ਼ੀ ਅਨਾਜ ਦਰਾਮਦ ਨਹੀਂ ਕੀਤਾ ਜਾ ਸਕਦਾ ਤਾਂ ਜਿਉਂ ਜਿਉਂ ਵਸੋਂ ਵਧੇਗੀ ਉਸ ਹਿਸਾਬ ਨਾਲ ਘੱਟ ਉਪਜਾਊ ਜ਼ਮੀਨ ਵਰਤਣੀ ਪਵੇਗੀ, ਇਸ ਜ਼ਮੀਨ ਦੀ ਵਾਹੀ ਤੇ ਜ਼ਿਆਦਾ ਖਰਚ ਹੋਵੇਗਾ ਅਤੇ ਨਤੀਜੇ ਵਜੋਂ ਇਸ ਜ਼ਮੀਨ ਦੀ ਉਪਜ ਵਧੇਰੇ ਮਹਿੰਗੀ ਹੋਵੇਗੀ।

ਅਨਾਜ ਦੀ ਮਜਬੂਰੀ ਵਿਕਰੀ ਹੋਣ ਦੇ ਕਾਰਨ, ਕੀਮਤ ਲਾਜ਼ਮੀ ਤੌਰ ਤੇ ਸਭ ਤੋਂ ਜ਼ਿਆਦਾ ਲਾਗਤ ਵਾਲੀ ਜ਼ਮੀਨ ਦੀ ਉਪਜ ਦੀ ਕੀਮਤ ਦੇ ਸਿਰ ਤੇ ਨਿਸ਼ਚਿਤ ਹੋਵੇਗੀ। ਇਸ ਕੀਮਤ ਦੇ ਅਤੇ ਚੰਗੇਰੀ ਕਿਸਮ ਦੀ ਜ਼ਮੀਨ ਉੱਤੇ ਉਤਪਾਦਨ ਦੀ ਕੀਮਤ ਵਿਚਲੇ ਫਰਕ ਤੋਂ ਕਰਾਇਆ ਬਣਦਾ ਹੈ।

ਇਸ ਲਈ ਜੇ ਅਨਾਜ ਦੇ ਕਾਨੂੰਨਾਂ ਦੀ ਮਨਸੂਖੀ ਦੇ ਨਤੀਜੇ ਵਜੋਂ ਅਨਾਜ ਦੀ ਕੀਮਤ ਘਟਦੀ ਹੈ ਅਤੇ ਇਸ ਦੇ ਨਤੀਜੇ ਵਜੋਂ ਕਰਾਇਆ ਡਿੱਗਦਾ ਹੈ ਤਾਂ ਇਸਦਾ ਕਾਰਨ ਇਹ ਹੈ ਕਿ ਘਟੀਆ ਜ਼ਮੀਨ ਫਿਰ ਹੋਰ ਨਹੀਂ ਵਾਹੀ ਜਾਏਗੀ। ਇਸ ਤਰ੍ਹਾਂ ਕਰਾਏ ਦਾ ਘਟਣਾ ਲਾਜ਼ਮੀ ਤੌਰ ਤੇ ਮੁਜ਼ਾਰੇ ਕਿਰਸਾਨਾਂ ਦੇ ਇੱਕ ਹਿੱਸੇ ਨੂੰ ਤਬਾਹ ਕਰ ਦੇਵੇਗਾ।

ਇਹ ਟਿੱਪਣੀ ਜ਼ਰੂਰੀ ਸੀ ਤਾਂ ਜੁ ਮਿ. ਗਰੈਗ ਦੀ ਬੋਲੀ ਸਮਝਣ ਯੋਗ ਬਣ ਜਾਏ।

ਉਹ ਕਹਿੰਦਾ ਹੈ, "ਛੋਟੇ ਕਿਰਸਾਨ, ਜਿਹੜੇ ਜ਼ਰਾਇਤ ਉੱਪਰ ਆਪਣਾ ਗੁਜ਼ਾਰਾ ਨਹੀਂ ਕਰ ਸਕਦੇ, ਸੱਨਅਤ ਵਿੱਚ ਆਪਣਾ ਸਾਧਨ ਲੱਭਣਗੇ। ਜਿੱਥੋਂ ਤੱਕ ਮੁਜ਼ਾਰੇ ਕਿਰਸਾਨਾਂ ਦੀ ਵੱਡੀ ਗਿਣਤੀ ਦਾ ਸੁਆਲ ਹੈ ਉਹ ਇਸ ਤੋਂ ਫ਼ਾਇਦਾ ਹੀ ਉਠਾਏਗੀ। ਜਾਂ ਤਾਂ ਜ਼ਿਮੀਂਦਾਰ ਉਨ੍ਹਾਂ ਕੋਲ ਬਹੁਤ ਸਸਤੇ ਭਾਅ ਜ਼ਮੀਨ ਵੇਚਣ ਲਈ ਮਜਬੂਰ ਹੋ ਜਾਣਗੇ ਜਾਂ ਬਹੁਤ ਲੰਮੇ ਅਰਸੇ ਲਈ ਜ਼ਮੀਨ ਠੇਕੇ 'ਤੇ ਦੇ ਦਿੱਤੀ ਜਾਏਗੀ। ਇਸ ਨਾਲ ਮੁਜ਼ਾਰੇ ਕਿਰਸਾਨ ਵਧੇਰੇ ਸਰਮਾਇਆ ਜ਼ਮੀਨ ਉੱਪਰ ਲਾਉਣ ਦੇ, ਵੱਡੇ ਪੈਮਾਨੇ ਉੱਪਰ ਵਾਹੀ ਲਈ ਮਸ਼ੀਨਰੀ ਵਰਤਣ ਦੇ ਅਤੇ ਜਿਸਮਾਨੀ ਮਿਹਨਤ ਘੱਟ ਕਰਨ ਦੇ ਯੋਗ ਹੋ ਜਾਣਗੇ। ਇਸ ਤੋਂ ਛੁੱਟ ਉਜਰਤਾਂ ਵਿੱਚ

ਆਮ ਘਾਟੇ ਦੇ ਕਾਰਨ, ਜੋ ਕਿ ਅਨਾਜ ਦੇ ਕਾਨੂੰਨਾਂ ਦੀ ਮਨਸੂਖੀ ਦਾ ਪਹਿਲਾ ਸਿੱਟਾ ਹੋਵੇਗਾ, ਇਹ ਜਿਸਮਾਨੀ ਮਿਹਨਤ ਵੀ ਸਸਤੀ ਹੋ ਜਾਏਗੀ।"

ਡਾ. ਬਊਰਿੰਗ ਨੇ ਇੱਕ ਖੁੱਲ੍ਹੀ ਮੀਟਿੰਗ ਵਿੱਚ ਇਹ ਕਹਿਕੇ ਇਨ੍ਹਾਂ ਸਾਰੀਆਂ ਦਲੀਲਾਂ ਨੂੰ ਧਰਮ ਦੀ ਪਵਿੱਤਰਤਾ ਪ੍ਰਦਾਨ ਕਰ ਦਿੱਤੀ, "ਯਸੂਹ ਮਸੀਹ ਸੁਤੰਤਰ ਵਪਾਰ ਹੈ ਅਤੇ ਸੁਤੰਤਰ ਵਪਾਰ ਯਸੂਹ ਮਸੀਹ ਹੈ।"

ਅਸੀਂ ਇਹ ਸਮਝ ਸਕਦੇ ਹਾਂ ਕਿ ਇਹ ਸਾਰਾ ਢੰਡ ਗਿਣਿਆ-ਮਿਥਿਆ ਨਹੀਂ ਸੀ ਕਿ ਮਜ਼ਦੂਰਾਂ ਲਈ ਸਸਤੀ ਰੋਟੀ ਆਕਰਸ਼ਕ ਬਣਾਈ ਜਾਏ।

ਇਸ ਦੇ ਇਲਾਵਾ ਇਹ ਕਾਰਖਾਨੇਦਾਰ ਉਹੀ ਲੋਕ ਸਨ ਜੋ ਕਿ ਦਸ ਘੰਟੇ ਦੇ ਕੰਮ ਦੇ ਦਿਨ ਦੇ ਖਿਲਾਫ਼ ਲੜ ਰਹੇ ਸਨ, ਜਿਨ੍ਹਾਂ ਅਨੁਸਾਰ ਕਿ ਜੇ ਮਿੱਲ ਮਜ਼ਦੂਰਾਂ ਦੀ ਦਿਹਾੜੀ ਬਾਰ੍ਹਾਂ ਘੰਟੇ ਤੋਂ ਘੱਟ ਕੇ ਦਸ ਘੰਟੇ ਰਹਿ ਜਾਣੀ ਸੀ ਤਾਂ ਮਜ਼ਦੂਰ ਇਨ੍ਹਾਂ ਕਾਰਖਾਨੇਦਾਰਾਂ ਦੇ ਇੱਕਦਮ ਪਰਉਪਕਾਰੀ ਬਣਨ ਨੂੰ ਕਿਵੇਂ ਸਮਝ ਸਕਦੇ ਸਨ?"

ਇਨ੍ਹਾਂ ਕਾਰਖਾਨੇਦਾਰਾਂ ਦੇ ਉਪਕਾਰ ਦਾ ਅੰਦਾਜ਼ਾ ਲਾਉਣ ਲਈ, ਸੱਜਣੋ, ਮੈਂ ਸਾਰੀਆਂ ਮਿੱਲਾਂ ਵਿੱਚ ਲਾਗੂ ਫੈਕਟਰੀ ਕਾਨੂੰਨ ਵੱਲ ਤੁਹਾਡਾ ਧਿਆਨ ਦੁਆਵਾਂਗਾ।

ਹਰ ਕਾਰਖਾਨੇਦਾਰ ਦਾ ਇੱਕ ਬਕਾਇਦਾ ਆਪਣਾ ਜਾਤੀ ਦੰਡ ਵਿਧਾਨ ਹੈ ਜਿਸ ਵਿੱਚ ਹਰ ਜੁਰਮ ਲਈ ਜੁਰਮਾਨੇ ਮਿੱਥੇ ਹੋਏ ਹਨ ਭਾਵੇਂ ਉਹ ਜੁਰਮ ਅਚੇਤ ਹੋਵੇ ਜਾਂ ਜਾਣ-ਬੁੱਝ ਕੇ ਕੀਤਾ ਗਿਆ ਹੋਵੇ। ਉਦਾਹਰਣ ਵਜੋਂ, ਇੱਕ ਮਜ਼ਦੂਰ ਏਨਾ ਜੁਰਮਾਨਾ ਦੇਵੇਗਾ ਜੇ ਉਹ ਕਮਬਖ਼ਤੀ ਨਾਲ ਕੁਰਸੀ 'ਤੇ ਬੈਠ ਗਿਆ ਹੈ ਜਾਂ ਜੇ ਉਹ ਘੁਸਰ-ਮੁਸਰ ਕਰਦਾ ਹੈ ਜਾਂ ਬੋਲਦਾ ਹੈ ਜਾਂ ਹੱਸਦਾ ਹੈ ਜਾਂ, ਜੇ ਉਹ ਕੁਝ ਸਮਾਂ ਦੇਰ ਨਾਲ ਆਉਂਦਾ ਹੈ ਜਾਂ, ਜੇ ਮਸ਼ੀਨ ਦਾ ਕੋਈ ਪੁਰਜ਼ਾ ਟੁੱਟ ਜਾਂਦਾ ਹੈ ਜਾਂ ਉਹ ਲੋੜੀਂਦੀ ਕੁਆਲਟੀ ਦਾ ਕੰਮ ਨਹੀਂ ਕਰਦਾ ਤਾਂ ਆਦਿ- ਆਦਿ। ਮਜ਼ਦੂਰ ਕੋਲੋਂ ਜਿੰਨਾ ਅਸਲ ਵਿੱਚ ਨੁਕਸਾਨ ਹੁੰਦਾ ਹੈ, ਜੁਰਮਾਨਾ ਹਮੇਸ਼ਾ ਉਸ ਨਾਲੋਂ ਵੱਧ ਹੁੰਦਾ ਹੈ। ਅਤੇ ਮਜ਼ਦੂਰ ਨੂੰ ਜੁਰਮਾਨੇ ਸਹੇੜਨ ਲਈ ਹਰ ਮੌਕਾ ਦੇਣ ਲਈ ਫੈਕਟਰੀ ਦੀ ਘੜੀ ਅੱਗੇ ਕੀਤੀ ਜਾਂਦੀ ਹੈ, ਉਸਨੂੰ ਚੰਗਾ ਮਾਲ ਬਣਾਉਣ ਲਈ ਭੈੜਾ ਕੱਚਾ ਮਾਲ ਦਿੱਤਾ ਜਾਂਦਾ ਹੈ। ਜਿਹੜਾ ਉਵਰਸੀਅਰ ਨਿਯਮਾਂ ਦੀ ਉਲੰਘਣਾ ਦੇ ਕੇਸਾਂ ਨੂੰ ਵਧਾਉਣ ਵਿੱਚ ਕਾਫੀ ਮਾਹਰ ਨਾ ਹੋਵੇ ਉਸਨੂੰ ਬਰਖਾਸਤ ਕਰ ਦਿੱਤਾ ਜਾਂਦਾ ਹੈ।

ਦੇਖਿਆ, ਸੱਜਣੋ, ਇਹ ਨਿੱਜੀ ਵਿਧਾਨਸਾਜ਼ੀ ਉਲੰਘਣਾਵਾਂ ਨੂੰ ਪੈਦਾ ਕਰਨ ਦੇ ਖਾਸ ਮੰਤਵ ਲਈ ਲਾਗੂ ਕੀਤੀ ਗਈ ਹੈ ਅਤੇ ਉਹ ਉਲੰਘਣਾਵਾਂ ਘੜੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਮੰਤਵ ਦੌਲਤ ਬਣਾਉਣਾ ਹੁੰਦਾ ਹੈ। ਇਸ ਤਰ੍ਹਾਂ ਕਾਰਖਾਨੇਦਾਰ ਨਾ-ਮਾਤਰ ਉਜਰਤ ਨੂੰ ਵੀ ਘਟਾਉਣ ਲਈ ਅਤੇ ਐਸੀਆਂ ਦੁਰਘਟਨਾਵਾਂ ਤੋਂ ਵੀ ਫ਼ਾਇਦਾ ਲੈਣ ਲਈ ਹਰ ਸਾਧਨ ਵਰਤਦਾ ਹੈ ਜਿਨ੍ਹਾਂ ਉੱਪਰ ਮਜ਼ਦੂਰ ਦਾ ਕੋਈ ਕਾਬੂ ਨਹੀਂ ਹੁੰਦਾ।

ਇਹ ਕਾਰਖਾਨੇਦਾਰ ਉਹੀ ਪਰਉਪਕਾਰੀ ਹਨ ਜਿਨ੍ਹਾਂ ਨੇ ਮਜ਼ਦੂਰਾਂ ਨੂੰ ਇਹ ਯਕੀਨ ਕਰਾਉਣ ਦਾ ਯਤਨ ਕੀਤਾ ਹੈ ਉਹ ਆਪਣੀ ਹਾਲਤ ਨੂੰ ਚੰਗੇਰਿਆਂ ਬਣਾਉਣ ਦੇ ਇੱਕੋ ਇੱਕ ਮੰਤਵ ਲਈ ਬੇਬਹਾ ਖਰਚ ਕਰਨ ਦੇ ਯੋਗ ਹਨ। ਇਸ ਤਰ੍ਹਾਂ ਇੱਕ ਪਾਸੇ ਤਾਂ ਉਹ ਫੈਕਟਰੀ ਨਿਯਮਾਂ ਦੇ ਰਾਹੀਂ ਘਟੀਆ ਤੋਂ ਘਟੀਆ ਤਰੀਕੇ ਨਾਲ ਵੀ, ਮਜ਼ਦੂਰਾਂ ਦੀਆਂ

ਤਨਖਾਹਾਂ ਨੂੰ ਕੁਤਰੀ ਜਾ ਰਹੇ ਹਨ ਅਤੇ ਦੂਜੇ ਪਾਸੇ ਉਹ ਮੁੜ ਉਨ੍ਹਾਂ ਤਨਖਾਹਾਂ ਨੂੰ ਉਤਾਂਹ ਖੜ੍ਹਨ ਲਈ ਅਨਾਜ ਦੇ ਕਾਨੂੰਨ ਵਿਰੋਧੀ ਲੀਗ ਰਾਹੀਂ ਵੱਧ ਤੋਂ ਵੱਧ ਕੁਰਬਾਨੀਆਂ ਸਹੇੜ ਰਹੇ ਹਨ।

ਉਹ ਬੇਬਹਾ ਪੈਸੇ ਖਰਚ ਕੇ ਵੱਡੇ ਵੱਡੇ ਮਹੱਲ ਉਸਾਰਦੇ ਹਨ, ਜਿਨਾਂ ਵਿੱਚ ਇਹ ਲੀਗ ਕੁਝ ਇਸ ਤਰ੍ਹਾਂ ਨਾਲ ਆਪਣਾ ਦਫ਼ਤਰੀ ਨਿਵਾਸ ਰੱਖਦੀ ਹੈ-ਉਹ ਮਸ਼ੀਨਰੀਆਂ ਦੀ ਇੱਕ ਫੌਜ ਇੰਗਲੈਂਡ ਦੇ ਸਭ ਕੋਨਿਆਂ ਨੂੰ ਸੁਤੰਤਰ ਵਪਾਰ ਦਾ ਧਰਮ ਪ੍ਰਚਾਰਨ ਲਈ ਭੇਜਦੇ ਹਨ, ਮਜ਼ਦੂਰਾਂ ਨੂੰ ਆਪਣੇ ਹਿੱਤਾਂ ਤੋਂ ਸਚੇਤ ਕਰਨ ਲਈ ਉਨ੍ਹਾਂ ਨੇ ਹਜ਼ਾਰਾਂ ਪੈਂਫਲਟ ਛਪਵਾਏ ਅਤੇ ਮੁਫ਼ਤ ਵੰਡੇ ਹਨ, ਉਨ੍ਹਾਂ ਨੇ ਕਾਫ਼ੀ ਜ਼ਿਆਦਾ ਧਨ ਅਖਬਾਰਾਂ ਨੂੰ ਆਪਣੇ ਪੱਖ ਵਿੱਚ ਕਰਨ 'ਤੇ ਖਰਚਿਆ ਹੈ, ਉਹ ਸੁਤੰਤਰ ਵਪਾਰ ਦੀ ਲਹਿਰ ਨੂੰ ਚਲਾਉਣ ਲਈ ਇੱਕ ਵਿਸ਼ਾਲ ਇੰਤਜ਼ਾਮੀਆ ਪ੍ਰਣਾਲੀ ਨੂੰ ਜਥੇਬੰਦ ਕਰਦੇ ਹਨ ਅਤੇ ਖੁੱਲ੍ਹੀਆਂ ਮੀਟਿੰਗਾਂ ਵਿੱਚ ਆਪਣੇ ਸੁਭਾਸ਼ਣ ਦੀ ਸਾਰੀ ਯੋਗਤਾ ਦਾ ਵਿਖਾਵਾ ਕਰਦੇ ਹਨ। ਇਹੋ ਜਿਹੀ ਹੀ ਇੱਕ ਮੀਟਿੰਗ ਸੀ ਜਿਸ ਵਿੱਚ ਇੱਕ ਮਜ਼ਦੂਰ ਚਿੱਲਾ ਉੱਠਿਆ ਸੀ:-

"ਜੇ ਜ਼ਿਮੀਂਦਾਰ ਸਾਡੀਆਂ ਹੱਡੀਆਂ ਵੀ ਵੇਚ ਦੇਣ, ਤੁਸੀਂ ਕਾਰਖਾਨੇਦਾਰ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਖਰੀਦੋਗੇ ਅਤੇ ਭਾਫ਼ ਦੀ ਮਸ਼ੀਨਰੀ ਰਾਹੀਂ ਲੰਘਾ ਕੇ ਉਨ੍ਹਾਂ ਦਾ ਆਟਾ ਬਣਾ ਕੇ ਵੇਚੋਗੇ।"

ਅੰਗਰੇਜ਼ ਮਜ਼ਦੂਰਾਂ ਨੇ ਜਗੀਰਦਾਰਾਂ ਅਤੇ ਸੱਨਅਤੀ ਸਰਮਾਏਦਾਰਾਂ ਵਿਚਲੇ ਝਗੜੇ ਨੂੰ ਬੜੀ ਚੰਗੀ ਤਰ੍ਹਾਂ ਸਮਝ ਲਿਆ ਹੈ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਜਰਤਾਂ ਘਟਾਉਣ ਲਈ ਰੋਟੀ ਦੀ ਕੀਮਤ ਘਟਾਉਣੀ ਜ਼ਰੂਰੀ ਸੀ ਅਤੇ ਸਨਅਤੀ ਲਾਭ ਉੱਨਾ ਹੀ ਵਧੇਗਾ ਜਿੰਨਾ ਕਿ ਕਿਰਾਇਆ ਘਟੇਗਾ।

ਰਿਕਾਰਡੋ, ਸਾਡੀ ਸਦੀ ਦਾ ਸਭ ਤੋਂ ਮਸ਼ਹੂਰ ਅਰਥਸ਼ਾਸਤਰੀ ਅਤੇ ਅੰਗਰੇਜ਼ ਸੁਤੰਤਰ ਵਪਾਰੀਆਂ ਦਾ ਪੈਗੰਬਰ, ਇਸ ਨੁਕਤੇ ਉੱਪਰ ਮਜ਼ਦੂਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਰਾਜਨੀਤਕ ਆਰਥਕਤਾ ਉੱਪਰ ਆਪਣੀ ਉੱਘੀ ਪੁਸਤਕ ਵਿੱਚ ਉਹ ਕਹਿੰਦਾ ਹੈ:-

"ਜੇ ਆਪਣਾ ਅਨਾਜ ਬੀਜਣ ਦੀ ਥਾਂ....ਅਸੀਂ ਇੱਕ ਨਵੀਂ ਮੰਡੀ ਲੱਭ ਲਈਏ ਜਿੱਥੋਂ ਅਸੀਂ ਘੱਟ ਕੀਮਤ 'ਤੇ ਆਪਣੀ ਲੋੜ ਪੂਰੀ ਕਰ ਸਕੀਏ ਤਾਂ ਉਜਰਤਾਂ ਥੱਲੇ ਆ ਜਾਣਗੀਆਂ ਅਤੇ ਲਾਭ ਵੱਧ ਜਾਣਗੇ। ਜ਼ਰਾਇਤੀ ਉਪਜ ਦੀਆਂ ਕੀਮਤਾਂ ਦਾ ਡਿੱਗਣਾ ਉਜਰਤਾਂ ਨੂੰ ਘੱਟ ਕਰਦਾ ਹੈ, ਸਿਰਫ਼ ਧਰਤੀ ਦੀ ਵਾਹੀ ਉੱਪਰ ਲੱਗੇ ਹੋਏ ਮਜ਼ਦੂਰ ਦੀਆਂ ਉਜਰਤਾਂ ਨੂੰ ਹੀ ਨਹੀਂ ਸਗੋਂ ਸਭ ਦੀਆਂ ਉਜਰਤਾਂ ਨੂੰ ਵੀ ਜੋ ਵਪਾਰ ਅਤੇ ਕਾਰਖਾਨਿਆਂ ਵਿੱਚ ਲੱਗੇ ਹੋਏ ਹਨ।"

ਅਤੇ ਸੱਜਣੋ ਇਹ ਯਕੀਨ ਨਾ ਰੱਖੋ ਕਿ ਮਜ਼ਦੂਰ ਇਸ ਗੱਲ ਵੱਲੋਂ ਬੇਧਿਆਨਾ ਰਹੇਗਾ ਕਿ ਕੀ ਉਹ ਅਨਾਜ ਸਸਤਾ ਹੋਣ ਕਾਰਨ ਚਾਰ ਫ਼ਰਾਂਕ ਲੈਂਦਾ ਹੈ ਜਦ ਕਿ ਉਹ ਪਹਿਲਾਂ ਪੰਜ ਫ਼ਰਾਂਕ ਲੈਂਦਾ ਰਿਹਾ ਹੈ।

ਕੀ ਉਸਦੀਆਂ ਤਨਖਾਹਾਂ ਲਾਭ ਦੇ ਮੁਕਾਬਲੇ 'ਤੇ ਹਮੇਸ਼ਾ ਹੀ ਘਟੀਆਂ ਨਹੀਂ ਅਤੇ ਕੀ ਇਹ ਸਪੱਸ਼ਟ ਨਹੀਂ ਕਿ ਉਸਦਾ ਸਮਾਜਕ ਪੱਧਰ ਸਰਮਾਏਦਾਰ ਦੇ ਮੁਕਾਬਲੇ ਬਦਤਰ

ਹੋਇਆ ਹੈ? ਇਸ ਤੋਂ ਇਲਾਂਵਾ ਅਸਲੀਅਤ ਵਿੱਚ ਉਹ ਵਧੇਰੇ ਘਾਟਾ ਖਾਂਦਾ ਹੈ।

ਜਦੋਂ ਤੱਕ ਅਨਾਜ ਦੀ ਕੀਮਤ ਵਧੇਰੇ ਸੀ ਅਤੇ ਉਜਰਤਾਂ ਵੀ ਵਧੇਰੇ ਸਨ, ਰੋਟੀ ਦੇ ਉਪਭੋਗ ਵਿੱਚ ਥੋੜ੍ਹੀ ਜਿਹੀ ਬੱਚਤ ਉਸਦੇ ਲਈ ਹੋਰ ਖੁਸ਼ੀਆਂ ਹਾਸਲ ਕਰਨ ਲਈ ਕਾਫ਼ੀ ਹੁੰਦੀ ਸੀ ਪਰ ਜਿਉਂ ਹੀ ਰੋਟੀ ਬਹੁਤ ਸਸਤੀ ਹੋ ਗਈ ਅਤੇ ਇਹ ਉਜਰਤਾਂ ਵੀ ਬਹੁਤ ਘਟ ਗਈਆਂ ਉਹ ਹੋਰ ਚੀਜ਼ਾਂ ਦੀ ਖਰੀਦ ਲਈ ਰੋਟੀ ਤੋਂ ਲੱਗਭੱਗ ਕੁਝ ਨਹੀਂ ਬਚਾ ਸਕਦਾ।

ਅੰਗਰੇਜ਼ ਮਜ਼ਦੂਰਾਂ ਨੇ ਅੰਗਰੇਜ਼ ਸੁਤੰਤਰ ਵਪਾਰੀਆਂ ਨੂੰ ਇਹ ਮਹਿਸੂਸ ਕਰਨ ਲਈ ਮਜਬੂਰ ਕਰ ਦਿੱਤਾ ਹੈ ਕਿ ਉਹ ਉਨ੍ਹਾਂ ਦੇ ਭੁਲੇਖਿਆਂ ਦੇ ਜਾਂ ਉਨ੍ਹਾਂ ਦੇ ਝੂਠਾਂ ਦੇ ਸ਼ਿਕਾਰ ਨਹੀਂ ਅਤੇ ਜੇ ਇਸ ਤੇ ਬਾਵਜੂਦ ਵੀ, ਮਜ਼ਦੂਰ ਜਾਗੀਰਦਾਰਾਂ ਦੇ ਖਿਲਾਫ਼ ਉਨ੍ਹਾਂ ਨਾਲ ਰਲ ਗਏ ਤਾਂ ਇਸ ਦਾ ਮੰਤਵ ਸਾਮੰਤਵਾਦ ਦੀ ਆਖਰੀ ਰਹਿੰਦ-ਖੂੰਹਦ ਨੂੰ ਖਤਮ ਕਰਨਾ ਸੀ ਤਾਂ ਜੁ ਫਿਰ ਨਜਿੱਠਣ ਲਈ ਕੇਵਲ ਇੱਕ ਦੁਸ਼ਮਣ ਰਹਿ ਜਾਏ। ਮਜ਼ਦੂਰਾਂ ਨੇ ਕੋਈ ਗ਼ਲਤ ਅੰਦਾਜ਼ਾ ਨਹੀਂ ਲਾਇਆ ਕਿਉਂਕਿ ਕਾਰਖਾਨੇਦਾਰਾਂ ਤੋਂ ਆਪਣਾ ਬਦਲਾ ਲੈਣ ਲਈ ਜਗੀਰਦਾਰ ਦਸ ਘੰਟੇ ਕੰਮ ਦਾ ਬਿਲ ਪਾਸ ਕਰਾਉਣ ਵਿੱਚ ਮਜ਼ਦੂਰਾਂ ਦੇ ਨਾਲ ਰਲ ਗਏ ਜਿਸ ਬਿਲ ਲਈ ਕਿ ਮਜ਼ਦੂਰ ਪਿਛਲੇ ਤੀਹ ਸਾਲ ਤੋਂ ਨਿਸਫਲ ਮੰਗ ਕਰ ਰਹੇ ਸਨ ਅਤੇ ਜਿਹੜਾ ਬਿਲ ਅਨਾਜ ਦੇ ਕਾਨੂੰਨਾਂ ਦੀ ਮਨਸੂਖੀ ਤੋਂ ਇਕਦਮ ਬਾਅਦ ਪਾਸ ਹੋ ਗਿਆ।

ਜਦੋਂ ਅਰਥਸ਼ਾਸਤਰੀਆਂ ਦੀ ਕਾਂਗਰਸ ਵੇਲੇ ਡਾ: ਬਉਰਿੰਗ ਨੇ ਆਪਣੀ ਜੇਬ 'ਚੋਂ ਇੱਕ ਲੰਬੀ ਲਿਸਟ ਇਹ ਦੱਸਣ ਲਈ ਕੱਢੀ ਕਿ ਕਿੰਨੇ ਪਸ਼ੂ, ਕਿੰਨਾ ਸੂਰ ਦਾ ਮਾਸ, ਕਿਨਾਂ ਹੋਰ ਮਾਸ, ਕੁੱਕੜ-ਕੁੱਕੜੀਆਂ ਆਦਿ, ਜਿਵੇਂ ਕਿ ਉਹ ਜ਼ੋਰ ਦੇ ਰਿਹਾ ਸੀ, ਮਜ਼ਦੂਰਾਂ ਦੇ ਉਪਭੋਗ ਲਈ ਦਰਾਮਦ ਕੀਤੇ ਗਏ, ਬਦਕਿਸਮਤੀ ਨਾਲ ਉਹ ਤੁਹਾਨੂੰ ਇਹ ਦੱਸਣਾ ਭੁੱਲ ਗਿਆ ਕਿ ਬਿਲਕੁਲ ਉਸੇ ਵੇਲੇ ਮਾਨਚੇਸਟਰ ਅਤੇ ਹੋਰ ਫੈਕਟਰੀ ਕਸਬਿਆਂ ਦੇ ਮਜ਼ਦੂਰ ਉਸ ਸੰਕਟ ਦੇ ਕਾਰਨ, ਜੋ ਕਿ ਉਸ ਵੇਲੇ ਸ਼ੁਰੂ ਹੋ ਰਿਹਾ ਸੀ, ਆਪਣੇ ਆਪ ਨੂੰ ਬੇਕਾਰ ਹੁੰਦਾ ਦੇਖ ਰਹੇ ਸਨ।

ਰਾਜਨੀਤਕ ਆਰਥਕਤਾ ਵਿੱਚ, ਅਸੂਲੀ ਤੌਰ ਤੇ, ਆਮ ਕਾਨੂੰਨ ਘੜਨ ਲਈ ਇੱਕੋ ਸਾਲ ਦੇ ਅੰਕੜਿਆਂ ਨੂੰ ਕਦੀ ਵੀ ਆਧਾਰ ਨਹੀਂ ਬਣਾਇਆ ਜਾਣਾ ਚਾਹੀਦਾ। ਸਾਨੂੰ ਹਮੇਸ਼ਾ ਔਸਤਨ ਛੇ ਤੋਂ ਸੱਤ ਸਾਲ ਦਾ ਸਮਾਂ ਲੈਣਾ ਚਾਹੀਦਾ ਹੈ, ਓਨਾ ਕੁ ਸਮਾਂ ਜਿਸ ਦੇ ਦੌਰਾਨ ਕਿ ਆਧੁਨਿਕ ਸਨਅਤ ਖੁਸ਼ਹਾਲੀ, ਬਹੁ-ਉਤਪਾਦਨ, ਮੰਦਹਾਲੀ, ਸੰਕਟ ਦੇ ਵੱਖੋ ਵੱਖਰੇ ਦੌਰਾਂ ਵਿੱਚੋਂ ਲੰਘਦੀ ਹੋਈ ਆਪਣਾ ਅਟੱਲ ਚੱਕਰ ਪੂਰਾ ਕਰਦੀ ਹੈ।

ਬਿਨਾਂ ਸ਼ੱਕ, ਜੇ ਸਾਰੀਆਂ ਜਿਨਸਾਂ ਦੀ ਕੀਮਤ ਡਿਗਦੀ ਹੈ ਅਤੇ ਇਹ ਸੁਤੰਤਰ ਵਪਾਰ ਦਾ ਲਾਜ਼ਮੀ ਸਿੱਟਾ ਹੈ, ਤਾਂ ਮੈਂ ਇੱਕ ਫ਼ਰਾਂਕ ਵਿੱਚ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖਰੀਦ ਸਕਦਾ ਹਾਂ ਅਤੇ ਮਜ਼ਦੂਰ ਦਾ ਫਰਾਂਕ ਵੀ ਉੱਨਾ ਹੀ ਕੀਮਤੀ ਹੈ ਜਿੰਨਾ ਕਿਸੇ ਦਾ ਵੀ। ਇਸ ਲਈ ਸੁਤੰਤਰ ਵਪਾਰ ਉਸ ਲਈ ਬੜਾ ਲਾਹੇ-ਵੰਦਾ ਰਹੇਗਾ। ਇਸ ਵਿੱਚ ਛੋਟੀ ਜਿਹੀ ਮੁਸ਼ਕਲ ਸਿਰਫ਼ ਇਹ ਹੈ ਕਿ ਆਪਣੇ ਫ਼ਰਾਂਕ ਦੇ ਹੋਰ ਜਿਨਸਾਂ ਨਾਲ ਵਟਾਂਦਰੇ ਤੋਂ ਪਹਿਲਾਂ ਮਜ਼ਦੂਰ ਨੇ ਪਹਿਲਾਂ ਸਰਮਾਏਦਾਰ ਨਾਲ ਆਪਣੀ ਮਿਹਨਤ ਦਾ ਵਟਾਂਦਰਾ ਕੀਤਾ ਹੈ। ਜੇ ਇਸ ਵਟਾਂਦਰੇ ਵਿੱਚ ਉਹ ਹਮੇਸ਼ਾ ਉਨੀ ਹੀ ਮਜ਼ਦੂਰੀ ਨਾਲ ਉਹੀ ਇੱਕ ਫਰਾਂਕ ਲੈ ਲੈਂਦਾ ਹੈ ਅਤੇ ਜਿਨਸਾਂ ਦੀ ਕੀਮਤ ਡਿੱਗ ਪੈਂਦੀ ਹੈ, ਤਾਂ ਇਹੋ ਜਿਹੇ ਸੌਦੇ ਵਿੱਚ ਹਮੇਸ਼ਾ ਮਜ਼ਦੂਰ ਲਾਭ

ਵਿੱਚ ਰਹੇਗਾ। ਮੁਸ਼ਕਲ ਇਹ ਨੁਕਤਾ ਸਿੱਧ ਕਰਨ ਵਿੱਚ ਨਹੀਂ ਕਿ ਜੇ ਸਾਰੀਆਂ ਜਿਨਸਾਂ ਦੀ ਕੀਮਤ ਡਿੱਗਦੀ ਹੈ ਤਾਂ ਮੈਂ ਉਸੇ ਧਨ ਨਾਲ ਬਹੁਤੀਆਂ ਜਿਨਸਾਂ ਖਰੀਦ ਲਵਾਂਗਾ।

ਅਰਥਸ਼ਾਸਤਰੀ ਸਿਰਫ਼ ਇਸ ਚੀਜ਼ ਨੂੰ ਲੈਂਦੇ ਹਨ ਕਿ ਹੋਰ ਜਿਨਸਾਂ ਦੇ ਨਾਲ ਵਟਾਂਦਰੇ ਦੇ ਸਮੇਂ ਮਿਹਨਤ ਦੀ ਕੀ ਕੀਮਤ ਸੀ। ਪਰ ਉਹ ਉਸ ਸਮੇਂ ਨੂੰ ਅੱਖੋਂ ਉਹਲੇ ਕਰ ਦੇਂਦੇ ਹਨ ਜਦ ਕਿ ਮਿਹਨਤ ਸਰਮਾਏ ਨਾਲ ਆਪਣਾ ਵਟਾਂਦਰਾ ਪੂਰਾ ਕਰਦੀ ਹੈ।

ਜਦੋਂ ਜਿਨਸਾਂ ਪੈਦਾ ਕਰਨ ਲਈ ਮਸ਼ੀਨ ਨੂੰ ਹਰਕਤ ਵਿੱਚ ਲਿਆਉਣ ਲਈ ਘੱਟ ਖਰਚ ਲੋੜੀਂਦਾ ਹੋਵੇ ਤਾਂ ਇਸ ਮਸ਼ੀਨ ਦੇ ਚਾਲੂ ਰੱਖਣ ਲਈ ਮਜ਼ਦੂਰਾਂ ਨਾਮੀ ਲੋੜੀਂਦੀਆਂ ਵਸਤੂਆਂ ਤੇ ਵੀ ਖਰਚ ਘੱਟ ਹੋਵੇਗਾ। ਜੇ ਸਭ ਜਿਨਸਾਂ ਸਸਤੀਆਂ ਹੋਣ ਤਾਂ ਮਿਹਨਤ ਦਾ ਭਾਅ ਵੀ ਡਿੱਗੇਗਾ, ਜੋ ਕਿ ਖੁਦ ਇੱਕ ਜਿਨਸ ਹੈ ਅਤੇ ਜਿਵੇਂ ਕਿ ਅਸੀਂ ਅੱਗੇ ਜਾ ਕੇ ਦੇਖਾਂਗੇ, ਇਹ ਜਿਨਸ, ਭਾਵ ਮਿਹਨਤ, ਹੋਰ ਜਿਨਸਾਂ ਦੀ ਨਿਸਬਤ ਕਿਤੇ ਜ਼ਿਆਦਾ ਥੱਲੇ ਜਾਏਗੀ। ਜੇ ਮਜ਼ਦੂਰ ਅਜੇ ਵੀ ਇਨ੍ਹਾਂ ਅਰਥਸ਼ਾਸਤਰੀਆਂ ਦੀਆਂ ਦਲੀਲਾਂ ਵਿੱਚ ਵਿਸ਼ਵਾਸ ਟਿਕਾਈ ਬੈਠਾ ਹੈ ਤਾਂ ਉਹ ਦੇਖੇਗਾ ਕਿ ਉਸਦਾ ਫ਼ਰਾਂਕ ਉਸਦੀ ਜੇਬ ਵਿੱਚ ਹੀ ਘੁਰਲ ਹੋ ਗਿਆ ਹੈ ਅਤੇ ਉਸ ਕੋਲ ਸਿਰਫ਼ ਪੰਜ ਸਊਸ ਬਾਕੀ ਰਹਿ ਗਏ ਹਨ।

ਤਾਂ ਫਿਰ ਅਰਥਸ਼ਾਸਤਰੀ ਤੁਹਾਨੂੰ ਦੱਸਣਗੇ, "ਚਲੋ, ਅਸੀਂ ਮੰਨਦੇ ਹਾਂ ਕਿ ਮਜ਼ਦੂਰਾਂ ਵਿੱਚ ਮੁਕਾਬਲਾ, ਜੋ ਕਿ ਯਕੀਨਨ ਤੌਰ ਤੇ ਸੁਤੰਤਰ ਵਪਾਰ ਵਿੱਚ ਕਦੀ ਵੀ ਨਹੀਂ ਘਟੇਗਾ, ਬਹੁਤ ਜਲਦੀ ਹੀ ਉਜਰਤਾਂ ਨੂੰ ਜਿਨਸਾਂ ਦੀਆਂ ਘਟੀਆਂ ਕੀਮਤਾਂ ਦੇ ਨਾਲ ਇਕਸੁਰਤਾ ਵਿੱਚ ਲੈ ਆਵੇਗਾ। ਪਰ ਦੂਜੇ ਪਾਸੇ, ਜਿਨਸਾਂ ਦੀ ਘੱਟ ਕੀਮਤ ਉਪਭੋਗ ਵਿੱਚ ਵਾਧਾ ਕਰੇਗੀ, ਵਧੇਰੇ ਉਪਭੋਗ ਵਧੇਰੇ ਉਤਪਾਦਨ ਦੀ ਮੰਗ ਕਰੇਗਾ, ਇਸ ਮੰਗ ਤੋਂ ਮਗਰੋਂ ਮਜ਼ਦੂਰਾਂ ਦੀ ਵਧੇਰੇ ਮੰਗ ਦਾ ਸਿੱਟਾ ਉਜਰਤਾਂ ਦੇ ਵਾਧੇ ਵਿੱਚ ਨਿਕਲੇਗਾ।"

ਦਲੀਲਬਾਜ਼ੀ ਦੀ ਇਸ ਸਾਰੀ ਲੋੜ ਦਾ ਮੂਲ ਮੁੱਦਾ ਇਹ ਹੈ-ਸੁਤੰਤਰ ਵਪਾਰ ਪ੍ਰਬੰਧ ਉਤਪਾਦਨ ਸ਼ਕਤੀਆਂ ਵਿੱਚ ਵਾਧਾ ਕਰਦਾ ਹੈ। ਜੇ ਸਨਅਤ ਪ੍ਰਫੁੱਲਤ ਹੁੰਦੀ ਚਲੀ ਜਾਂਦੀ ਹੈ, ਅਤੇ ਦੌਲਤ, ਜੇ ਉਤਪਾਦਕ ਸ਼ਕਤੀ, ਜੇ ਸੰਖੇਪ ਵਿੱਚ ਉਤਪਾਦਕ ਸਰਮਾਇਆ ਵੱਧਦਾ ਹੈ ਤਾਂ ਮਿਹਨਤ ਦੀ ਮੰਗ, ਮਿਹਨਤ ਦੀ ਕੀਮਤ ਅਤੇ ਨਤੀਜੇ ਵਜੋਂ ਉਜਰਤਾਂ ਦੀ ਦਰ ਵੀ ਵਧਦੀ ਹੈ।

ਮਜ਼ਦੂਰਾਂ ਲਈ ਸਭ ਤੋਂ ਲਾਹੇਵੰਦੀ ਹਾਲਤ ਸਰਮਾਏ ਦੀ ਪ੍ਰਫੁੱਲਤਾ ਦੀ ਹਾਲਤ ਹੈ। ਇਹ ਜ਼ਰੂਰ ਮੰਨਣਾ ਪਵੇਗਾ। ਜੇ ਸਰਮਾਇਆ ਇੱਕ ਥਾਂ ਖੜਾ ਰਹੇ, ਸਨਅਤ ਸਿਰਫ ਇੱਕ ਥਾਂ ਖੜ੍ਹੀ ਹੀ ਨਹੀਂ ਰਹੇਗੀ ਸਗੋਂ ਢਹਿੰਦੀਆਂ ਕਲਾਂ ਵੱਲ ਜਾਏਗੀ। ਇਸ ਹਾਲਤ ਵਿੱਚ ਪਹਿਲਾ ਸ਼ਿਕਾਰ ਮਜ਼ਦੂਰ ਹੋਵੇਗਾ। ਉਹ ਸਰਮਾਏਦਾਰ ਦੇ ਸਾਹਮਣੇ ਹੀਣਾ ਹੋ ਜਾਂਦਾ ਹੈ ਅਤੇ ਉਸ ਹਾਲਤ ਵਿੱਚ ਜਦ ਕਿ ਸਰਮਾਇਆ ਪ੍ਰਫੁੱਲਤ ਹੁੰਦਾ ਚਲਾ ਜਾਂਦਾ ਹੈ, ਭਾਵ ਉਨ੍ਹਾਂ ਹਾਲਾਤਾਂ ਵਿੱਚ ਜੋ ਕਿ ਜਿਵੇਂ ਅਸੀਂ ਕਿਹਾ ਹੈ, ਮਜ਼ਦੂਰ ਲਈ ਸਭ ਤੋਂ ਚੰਗੇ ਹਨ, ਮਜ਼ਦੂਰ ਦੀ ਕੀ ਹਾਲਤ ਹੋਵੇਗੀ? ਉਹ ਤਾਂ ਵੀ ਮੰਦਹਾਲੀ ਨੂੰ ਹੀ ਜਾਏਗਾ। ਉਤਪਾਦਕ ਸਰਮਾਏ ਦੀ ਪ੍ਰਫੁੱਲਤਾ ਦਾ ਭਾਵ ਸਰਮਾਏ ਦਾ ਸੰਚਨਾ ਅਤੇ ਕੇਂਦਰਿਤ ਹੋਣਾ ਹੈ। ਸਰਮਾਏ ਦੇ ਕੇਂਦਰੀਕਰਨ ਵਿੱਚ ਮਿਹਨਤ ਦੀ ਵਧੇਰੇ ਵੰਡ ਅਤੇ ਮਸ਼ੀਨਰੀ ਦੀ ਵਧੇਰੇ ਵਰਤੋਂ ਸ਼ਾਮਲ ਹੈ। ਮਿਹਨਤ ਦੀ ਵਧੇਰੇ

ਵੰਡ ਮਜ਼ਦੂਰ ਦੀ ਖਾਸ ਕਾਰੀਗਰੀ ਨੂੰ ਖਤਮ ਕਰ ਦੇਂਦੀ ਹੈ ਅਤੇ ਇਸ ਮਾਹਰ ਕੰਮ ਦੀ ਥਾਂ ਐਸੀ ਮਿਹਨਤ ਨੂੰ ਦੇ ਕੇ, ਜੋ ਕਿ ਕੋਈ ਵੀ ਕਰ ਸਕਦਾ ਹੈ, ਇਹ ਮਜ਼ਦੂਰਾਂ ਦੇ ਆਪਸੀ ਮੁਕਾਬਲੇ ਨੂੰ ਵਧਾਉਂਦੀ ਹੈ।

ਜਿਉਂ ਜਿਉਂ ਮਿਹਨਤ ਦੀ ਵੰਡ ਇੱਕਲੇ ਮਜ਼ਦੂਰ ਨੂੰ ਤਿੰਨ ਮਜ਼ਦੂਰਾਂ ਦਾ ਕੰਮ ਕਰਨ ਦੇ ਯੋਗ ਬਣਾਈ ਜਾਂਦੀ ਹੈ ਤਿਉਂ ਤਿਉਂ ਇਹ ਮੁਕਾਬਲਾ ਵਧੇਰੇ ਸਖ਼ਤ ਹੋਈ ਜਾਂਦਾ ਹੈ। ਮਸ਼ੀਨਰੀ ਵੀ ਕਿਤੇ ਜ਼ਿਆਦਾ ਵੱਡੇ ਪੈਮਾਨੇ ਤੇ ਇਹੋ ਨਤੀਜਾ ਕੱਢਦੀ ਹੈ। ਉਤਪਾਦਨ ਸਰਮਾਏ ਦੀ ਪ੍ਰਫੁੱਲਤਾ, ਜੋ ਕਿ ਸੱਨਅਤੀ ਸਰਮਾਏਦਾਰੀ ਨੂੰ ਲਗਾਤਾਰ ਵਧਦੇ ਸਾਧਨਾਂ ਨਾਲ ਕੰਮ ਕਰਨ ਲਈ ਮਜ਼ਬੂਰ ਕਰ ਦੇਂਦੀ ਹੈ, ਛੋਟੇ ਸੱਨਅਤਕਾਰਾਂ ਨੂੰ ਤਬਾਹ ਕਰ ਦੇਂਦੀ ਹੈ ਅਤੇ ਉਨ੍ਹਾਂ ਨੂੰ ਪਰੋਲੇਤਾਰੀ ਵਿੱਚ ਲਿਆ ਸੁੱਟਦੀ ਹੈ। ਫਿਰ, ਜਿਉਂ ਜਿਉਂ ਸਰਮਾਇਆ ਸੰਚਿਤ ਹੁੰਦਾ ਹੈ, ਸੂਦ ਦਾ ਦਰ ਘਟਦੀ ਹੈ, ਛੋਟੇ ਸੂਦਖੋਰ, ਜਿਹੜੇ ਆਪਣੇ ਲਾਭ ਦੇ ਹਿੱਸਿਆਂ ਉਪਰ ਹੁਣ ਵਧੇਰੇ ਗੁਜ਼ਾਰਾ ਨਹੀਂ ਕਰ ਸਕਦੇ, ਸੱਨਅਤ ਵਿੱਚ ਪੈਣ ਲਈ ਮਜ਼ਬੂਰ ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਪਰੋਲਤਾਰੀਆਂ ਦੀ ਗਿਣਤੀ ਨੂੰ ਵਧਾਉਂਦੇ ਹਨ।

ਅੰਤ ਵਿੱਚ ਜਿੰਨਾ ਉਤਪਾਦਕ ਸਰਮਾਇਆ ਵਧੇਰੇ ਹੋਈ ਜਾਂਦਾ ਹੈ, ਉੱਨਾ ਹੀ ਵਧੇਰੇ ਇਹ ਇੱਕ ਐਸੀ ਮਾਰਕੀਟ ਲਈ ਉਤਪਾਦਨ ਕਰਨ ਲਈ ਮਜ਼ਬੂਰ ਹੋਈ ਜਾਂਦਾ ਹੈ ਜਿਸਦੀਆਂ ਲੋੜਾਂ ਤੋਂ ਇਹ ਜਾਣੂੰ ਨਹੀਂ ਹੁੰਦਾ, ਉੱਨਾ ਹੀ ਵਧੇਰੇ ਉਤਪਾਦਨ ਉਪਭੋਗ ਤੋਂ ਪਹਿਲਾਂ ਹੁੰਦਾ ਹੈ ਅਤੇ ਨਤੀਜੇ ਵਜੋਂ ਸੰਕਟ ਗੇੜ ਵਿਚ ਵੀ ਅਤੇ ਡੂੰਘਾਈ ਵਿਚ ਵੀ ਵਧੀ ਜਾਂਦੇ ਹਨ। ਪਰ ਹਰ ਸੰਕਟ ਆਪਣੇ ਸਿੱਟੇ ਵਜੋਂ ਸਰਮਾਏ ਦਾ ਕੇਂਦਰੀਕਰਨ ਤੇਜ਼ ਕਰ ਦੇਂਦਾ ਹੈ ਅਤੇ ਪਰੋਲੇਤਾਰੀ ਦੀ ਗਿਣਤੀ ਵਿੱਚ ਵਾਧਾ ਕਰ ਦੇਂਦਾ ਹੈ।

ਇਸ ਤਰ੍ਹਾਂ ਜਿਉਂ ਜਿਉਂ ਉਤਪਾਦਕ ਸਰਮਾਇਆ ਵਧਦਾ ਹੈ, ਮਜ਼ਦੂਰਾਂ ਵਿੱਚ ਮੁਕਾਬਲਾ ਕਿਤੇ ਜ਼ਿਆਦਾ ਨਿਸਬਤ ਵਿੱਚ ਵੱਧਦਾ ਹੈ। ਮਿਹਨਤ ਦਾ ਇਵਜ਼ਾਨਾ ਸਭ ਲਈ ਘਟ ਜਾਂਦਾ ਹੈ ਅਤੇ ਕੁਝ ਲੋਕਾਂ 'ਤੇ ਮਿਹਨਤ ਦਾ ਭਾਰ ਵੱਧ ਜਾਂਦਾ ਹੈ।

1829 ਵਿੱਚ, ਮਾਨਚੈਸਟਰ ਵਿੱਚ 36 ਫੈਕਟਰੀਆਂ ਵਿੱਚ 1088 ਰੂੰ ਕੱਤਣ ਵਾਲੇ ਕੰਮ ਕਰਦੇ ਸਨ। 1841 ਵਿੱਚ 448 ਤੋਂ ਵੱਧ ਨਹੀਂ ਸਨ, ਅਤੇ ਉਹ 1829 ਦੇ 1088 ਕੱਤਣ ਵਾਲਿਆਂ ਨਾਲੋਂ 53, 353 ਵਧੇਰੇ ਤਕਲਿਆਂ ਦੀ ਨਿਗਰਾਨੀ ਕਰਦੇ ਸਨ। ਜੇ ਜਿਸਮਾਨੀ ਮਜ਼ਦੂਰੀ ਵਿੱਚ ਵਾਧਾ ਉਸੇ ਨਿਸਬਤ ਨਾਲ ਹੁੰਦਾ ਹੇ ਜਿਸ ਨਾਲ ਕਿ ਉਤਪਾਦਨ ਦੀ ਸ਼ਕਤੀ ਵਿੱਚ ਹੋਇਆ ਸੀ ਤਾਂ ਕੱਤਣ ਵਾਲਿਆਂ ਦੀ ਗਿਣਤੀ 1848 ਤੱਕ ਪੁੱਜਣੀ ਚਾਹੀਦੀ ਸੀ, ਉਨਤ ਮਸ਼ੀਨਰੀ ਨੇ, ਇਸ ਤਰ੍ਹਾਂ ਨਾਲ, 1100 ਮਜ਼ਦੂਰਾਂ ਨੂੰ ਕੰਮ ਤੋਂ ਵਾਂਝਿਆਂ ਕਰ ਦਿੱਤਾ ਸੀ।

ਅਸੀਂ ਅਰਥਸ਼ਾਸਤਰੀ ਦੇ ਜੁਆਬ ਨੂੰ ਪਹਿਲਾਂ ਹੀ ਜਾਣਦੇ ਹਾਂ। ਉਹ ਕਹਿੰਦੇ ਹਨ ਕਿ ਇਸ ਤਰ੍ਹਾਂ ਕੰਮ ਤੋਂ ਵਾਂਝੇ ਹੋ ਗਏ ਲੋਕ ਹੋਰ ਤਰ੍ਹਾਂ ਦੇ ਕੰਮ ਲੱਭ ਲੈਣਗੇ। ਡਾ. ਬਉਰਿੰਗ ਅਰਥਵੇਤਾਂ ਦੀ ਕਾਂਗਰਸ ਵੇਲੇ ਇਹ ਦਲੀਲ ਪੇਸ਼ ਕਰਨ ਤੋਂ ਉੱਕਿਆ ਨਹੀਂ ਸੀ, ਪਰ ਨਾ ਉਹ ਆਪਣੀ ਹੀ ਦਲੀਲ ਦਾ ਖੰਡਨ ਮੁਹੱਯਾ ਕਰਨ ਤੋਂ ਉੱਕਿਆ ਸੀ।

1835 ਵਿੱਚ ਡਾ. ਬਉਰਿੰਗ ਨੇ ਲੰਡਨ ਦੇ 50,000 ਹੱਥ-ਖੱਡੀਆਂ ਤੇ ਕੰਮ

ਕਰਨ ਵਾਲੇ ਜੁਲਾਹਿਆਂ ਉੱਪਰ ਹਾਊਸ ਆਫ਼ ਕਾਮਜ਼ਨ ਵਿੱਚ ਤਕਰੀਰ ਕੀਤੀ ਸੀ। ਇਹ ਜੁਲਾਹੇ ਕਾਫ਼ੀ ਦੇਰ ਤੋਂ, ਉਸ ਨਵੀਂ ਕਿਸਮ ਦੇ ਕੰਮ ਨੂੰ ਲੱਭਣ ਤੋਂ ਅਸਮਰੱਥ ਸਨ ਅਤੇ ਭੁੱਖੇ ਮਰ ਰਹੇ ਸਨ ਜਿਸ ਕੰਮ ਦਾ ਸੁਤੰਤਰ-ਵਪਾਰੀ ਭਵਿੱਖ ਵਿੱਚ ਯਕੀਨ ਦੁਆਉਂਦੇ ਸਨ।

ਅਸੀਂ ਡਾ. ਬਉਰਿੰਗ ਦੀ ਇਸ ਤਕਰੀਰ ਦੇ ਸਭ ਤੋਂ ਉਘੜਵੇਂ ਪੈਰੇ ਦੇਵਾਂਗੇ.

"ਕੱਪੜਾ ਬੁਨਣ ਵਾਲਿਆਂ ਦੀ ਇਹ ਮੁਸੀਬਤ.....ਐਸੀ ਕਿਸਮ ਦੀ ਮਜ਼ਦੂਰੀ ਦੀ ਇੱਕ ਅਟੱਲ ਅਵਸਥਾ ਹੈ ਜੋ ਕਿ ਬੜੀ ਛੇਤੀ ਸਿੱਖੀ ਜਾ ਸਕਦੀ ਹੈ ਅਤੇ ਜਿਸ ਵਿੱਚ ਉਤਪਾਦਨ ਦੇ ਸਸਤੇ ਸਾਧਨ ਲਗਾਤਾਰ ਦਾਖਲ ਹੁੰਦੇ ਅਤੇ ਪਹਿਲਿਆਂ ਦੀ ਥਾਂ ਲੈਂਦੇ ਰਹਿੰਦੇ ਹਨ। ਮੰਗ ਦੇ ਬਹੁਤ ਥੋੜ੍ਹੇ ਜਿੰਨੇ ਵੀ ਰੁਕ ਜਾਣ ਨਾਲ ਸੰਕਟ ਪੈਦਾ ਹੋ ਜਾਂਦਾ ਹੈ, ਜਿਥੇ ਕਿ ਕੰਮ ਲਈ ਮੁਕਾਬਲਾ ਏਨਾ ਸਖਤ ਹੁੰਦਾ ਹੈ। ਹੱਥ-ਖੱਡੀ ਤੇ ਕੱਪੜਾ ਬੁਨਣ ਵਾਲੇ ਐਸੀ ਅਵਸਥਾ ਦੇ ਕੰਢੇ ਤੇ ਹੁੰਦੇ ਹਨ ਜਿਸ ਤੋਂ ਪਰ੍ਹੇ ਕਿ ਮਨੁੱਖੀ ਹੋਂਦ ਕਾਇਮ ਰੱਖ ਸਕਣਾ ਹੀ ਮੁਸ਼ਕਲ ਹੁੰਦਾ ਹੈ ਅਤੇ ਬਹੁਤ ਨਿਗੂਣੀ ਜਿਹੀ ਰੁਕਾਵਟ ਵੀ ਉਨ੍ਹਾਂ ਨੂੰ ਭੁੱਖ ਦੇ ਹੱਥਾਂ ਵਿੱਚ ਧੱਕ ਦੇਂਦੀ ਹੈ।...ਮਸ਼ੀਨਰੀ ਵਿੱਚ ਸੁਧਾਈਆਂ, ਵਧੇਰੇ ਤੋਂ ਵਧੇਰੇ ਜਿਸਮਾਨੀ ਮਿਹਨਤ ਦੀ ਥਾਂ ਲੈਣ ਕਾਰਨ, ਤਬਦੀਲੀ ਦੇ ਦੌਰਾਨ ਬਿਨਾਂ ਕਿਸੇ ਗੁੰਜਾਇਸ਼ ਦੇ ਕਾਫੀ ਵਕਤੀ ਮੁਸੀਬਤਾਂ ਨਾਲ ਲਿਆਉਂਦੀਆਂ ਹਨ। ਕੁਝ ਵਿਅਕਤੀਆਂ ਨੂੰ ਬੁਰਾਈ ਦੀ ਕੀਮਤ ਦੇਣ ਤੋਂ ਬਿਨਾਂ ਕੌਮੀ ਭਲਾਈ ਖਰੀਦੀ ਨਹੀਂ ਜਾ ਸਕਦੀ। ਕਾਰਖਾਨੇਦਾਰੀ ਵਿੱਚ ਕਦੀ ਵੀ ਕੋਈ ਅਜਿਹੀ ਉੱਨਤੀ ਨਹੀਂ ਹੋਈ ਜਿਸ ਲਈ ਕਿ ਉਨ੍ਹਾਂ ਲੋਕਾਂ ਦੀ ਕੀਮਤ ਨਾ ਦੇਣੀ ਪਈ ਹੋਵੇ ਜੋ ਕਿ ਪਿਛਲੀਆਂ ਸਫ਼ਾਂ ਵਿੱਚ ਹਨ ਅਤੇ ਸਾਰੀਆਂ ਕਾਢਾਂ ਵਿਚੋਂ ਮਸ਼ੀਨੀ-ਖੱਡੀ ਐਸੀ ਕਾਢ ਹੈ ਜੋ ਹੱਥ-ਖੱਡੀ ਤੇ ਕੱਪੜਾ ਬੁਨਣ ਵਾਲਿਆਂ ਦੀ ਹਾਲਤ ਉੱਪਰ ਬਿਲਕੁਲ ਸਿੱਧਾ ਅਸਰ ਕਰਦੀ ਹੈ। ਉਹ ਜਿਸ ਨੂੰ ਪਹਿਲਾਂ ਕਈ ਵਸਤੂਆਂ ਦੇ ਖੇਤਰ 'ਚੋਂ ਨਸਾ ਦਿੱਤਾ ਗਿਆ ਹੈ, ਉਹ ਬਿਨਾਂ ਕਿਸੇ ਗੁੰਜਾਇਸ਼ ਦੇ ਕਈ ਹੋਰ ਵਸਤੂਆਂ ਨੂੰ ਛੱਡਣ ਲਈ ਮਜਬੂਰ ਹੋ ਜਾਏਗਾ।"

ਅੱਗੇ ਜਾ ਕੇ ਉਹ ਕਹਿੰਦਾ ਹੈ-

"ਮੇਰੇ ਹੱਥ ਵਿੱਚ ਉਹ ਚਿੱਠੀ-ਪੱਤਰ ਹੈ ਜੋ ਹਿੰਦੁਸਤਾਨ ਦੇ ਗਵਰਨਰ-ਜਨਰਲ ਅਤੇ ਈਸਟ ਇੰਡੀਆਂ ਕੰਪਨੀ ਵਿੱਚ ਢਾਕੇ ਦੇ ਹੱਥ-ਖੱਡੀ ਤੇ ਕੱਪੜਾ ਬੁਨਣ ਵਾਲਿਆਂ ਦੇ ਵਿਸ਼ੇ ਤੇ ਹੋਈ ਸੀ।......ਕੁਝ ਸਾਲ ਹੋਏ ਈਸਟ ਇੰਡੀਆ ਕੰਪਨੀ ਸੂਤੀ ਮਾਲ ਦੀਆਂ 6,000,000 ਤੱਕ ਚੀਜ਼ਾਂ, ਹਿੰਦੁਸਤਾਨ ਦੀਆਂ ਖੱਡੀਆਂ ਦੀ ਉਪਜ ਦੀਆਂ ਹਾਸਲ ਕਰਦੀ ਸੀ। ਇਹ ਮੰਗ ਹੌਲੀ-ਹੌਲੀ ਡਿੱਗਦੀ ਹੋਈ 1,000,000 ਤੋਂ ਕੁਝ ਜਿਆਦਾ ਤੇ ਆ ਗਈ ਅਤੇ ਹੁਣ ਲੱਗਪੱਗ ਬਿਲਕੁਲ ਖਤਮ ਹੋ ਗਈ ਹੈ। 1800 ਵਿੱਚ ਅਮਰੀਕਾ ਨੇ ਹਿੰਦੁਸਤਾਨ ਤੋਂ ਲਗਪਗ 800 ਸੂਤੀ ਥਾਨ ਖ਼ਰੀਦੇ ਸਨ। 1830 ਵਿੱਚ 400 ਵੀ ਨਹੀਂ। 1800 ਵਿੱਚ ਪੁਰਤਗਾਲ ਨੂੰ 1,000,000 ਥਾਨ ਭੇਜੇ ਗਏ, 1830 ਵਿੱਚ ਸਿਰਫ 20,000। ਹਿੰਦੁਸਤਾਨ ਦੇ ਜੁਲਾਹਿਆਂ ਦੀ ਮੰਦਹਾਲੀ ਦੇ ਵੇਰਵੇ ਭਿਆਨਕ ਹਨ। ਉਹ ਨਿਰੋਲ ਭੁੱਖ ਨੰਗ ਤੇ ਜਾ ਪੁੱਜੇ ਹਨ। ਇਸਦਾ ਇੱਕੋ ਇੱਕ ਕਾਰਨ ਕੀ ਸੀ? ਅੰਗਰੇਜ਼ੀ ਕਾਰਖਾਨਿਆਂ ਦੀ ਸਸਤੀ ਉਪਜ ਦੀ ਹੋਂਦ।...ਉਨ੍ਹਾਂ ਵਿੱਚੋਂ ਕਈ ਭੁੱਖ ਨਾਲ ਮਰ ਗਏ, ਬਾਕੀ ਦੇ ਜਿਆਦਾ ਕਰਕੇ, ਹੋਰਨਾਂ ਕਿੱਤਿਆਂ ਵਿੱਚ ਲਾ ਦਿੱਤੇ ਗਏ ਜਿਸ ਵਿੱਚ ਮੁੱਖ ਕਿੱਤਾ ਖੇਤੀ ਬਾੜੀ ਸੀ। ਆਪਣੇ ਕਿੱਤੇ ਨੂੰ ਨਾ ਬਦਲਣਾ

ਲਾਜ਼ਮੀ ਤੌਰ 'ਤੇ ਭੁੱਖੇ ਮਰਨਾ ਸੀ ਅਤੇ ਇਸ ਮੌਕੇ 'ਤੇ ਉਸ ਢਾਕੇ ਦੇ ਜ਼ਿਲ੍ਹੇ ਨੂੰ ਇੰਗਲਿਸਤਾਨ ਦੀਆਂ ਮਸ਼ੀਨੀ ਖੱਡੀਆਂ ਦਾ ਬਣਿਆ ਸੂਤੀ ਕੱਪੜਾ ਅਤੇ ਸੂਤ ਮੁਹੱਯਾ ਕੀਤਾ ਜਾਂਦਾ ਹੈ। ਢਾਕੇ ਦੀ ਮਲਮਲ ਜੋ ਕਿ ਸਾਰੀ ਦੁਨੀਆਂ ਵਿੱਚ ਆਪਣੀ ਸੁੰਦਰਤਾ ਅਤੇ ਮਹੀਨਤਾ ਕਰਕੇ ਮਸ਼ਹੂਰ ਹੈ, ਉਸੇ ਕਾਰਨ ਸਾਰੀ ਤਬਾਹ ਹੋ ਗਈ ਅਤੇ ਹਿੰਦੁਸਤਾਨ ਵਿੱਚ ਅਣਗਿਣਤ ਸ਼੍ਰੇਣੀਆਂ ਦੀ ਜੋ ਮੁਸੀਬਤ ਮਾਰੀ ਹਾਲਤ ਅੱਜ ਹੈ, ਉਸ ਦੇ ਨਾਲ ਦੀ ਹਾਲਤ ਵਪਾਰਕ ਇਤਿਹਾਸ ਵਿੱਚ ਸ਼ਾਇਦ ਹੀ ਕਿਤੇ ਮਿਲ ਸਕੇ।"

ਡਾ. ਬਉਰਿੰਗ ਦੀ ਤਕਰੀਰ ਹੋਰ ਵੀ ਧਿਆਨਯੋਗ ਹੈ ਕਿਉਂਕਿ ਉਸ ਦੇ ਪੇਸ਼ ਕੀਤੇ ਅੰਕੜੇ ਹੂਬਹੂ ਠੀਕ ਹਨ ਅਤੇ ਜਿਨ੍ਹਾਂ ਮੁਹਾਵਰਿਆਂ ਨਾਲ ਉਹ ਉਨ੍ਹਾਂ ਨੂੰ ਮੋੜਾ ਦੇਣ ਦੀ ਕੋਸ਼ਿਸ਼ ਕਰਦਾ ਹੈ, ਉਸ ਸੁਤੰਤਰ ਵਪਾਰ ਦੇ ਸਾਰੇ ਉਪਦੇਸ਼ਾਂ ਵਿੱਚ ਸਾਂਝੇ ਦੰਭ ਦਾ ਪੂਰੀ ਤਰ੍ਹਾਂ ਖਾਸਾ ਰੱਖਦੇ ਹਨ। ਉਹ ਮਜ਼ਦੂਰਾਂ ਨੂੰ ਉਤਪਾਦਨ ਦੇ ਉਹਨਾਂ ਸਾਧਨਾਂ ਦੇ ਤੌਰ ਤੇ ਪੇਸ਼ ਕਰਦਾ ਹੈ ਜਿਨ੍ਹਾਂ ਦੀ ਥਾਂ ਲਾਜ਼ਮੀ ਤੌਰ ਤੇ ਘਟ ਖਰਚ ਵਾਲੇ ਉਤਪਾਦਨ ਦੇ ਸਾਧਨ ਲੈ ਲੈਣਗੇ। ਜਿਸ ਮਿਹਨਤ ਦੀ ਉਹ ਗੱਲ ਕਰਦਾ ਹੈ ਉਸਨੂੰ ਬਿਲਕੁਲ ਅਸਾਧਾਰਨ ਕਿਸਮ ਦੀ ਮਿਹਨਤ ਸਮਝਣ ਦਾ ਬਹਾਨਾ ਕਰਦਾ ਹੈ ਅਤੇ ਜਿਸ ਮਸ਼ੀਨ ਨੇ ਜੁਲਾਹਿਆਂ ਨੂੰ ਨਪੀੜ ਦਿੱਤਾ ਹੈ, ਉਸਨੂੰ ਉਨੀ ਹੀ ਅਸਾਧਾਰਨ ਮਸ਼ੀਨ ਸਮਝਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਕੋਈ ਵੀ ਦਸਤੀ ਕੰਮ ਨਹੀਂ ਜਿਸ ਦਾ ਕੱਲ੍ਹ ਨੂੰ ਉਹ ਹਸ਼ਰ ਨਾ ਹੋ ਜਾਵੇ ਜੋ ਹੱਥ-ਖੱਡੀ ਦੇ ਜੁਲਾਹਿਆਂ ਦਾ ਹੋਇਆ ਹੈ।

'ਅਸਲ ਵਿੱਚ ਮਸ਼ੀਨਰੀ ਵਿੱਚ ਹਰ ਬਿਹਤਰੀ ਦਾ ਲਗਾਤਾਰ ਨਿਸ਼ਾਨਾ ਅਤੇ ਝੁਕਾਓ, ਇਨਸਾਨੀ ਮਿਹਨਤ ਦੀ ਪੂਰੀ ਤਰ੍ਹਾਂ ਥਾਂ ਲੈਣਾ, ਜਾਂ ਆਦਮੀਆਂ ਦੀ ਥਾਂ ਤੇ ਔਰਤਾਂ ਅਤੇ ਬੱਚਿਆਂ ਦੀ ਮਿਹਨਤ ਲਾ ਕੇ ਜਾਂ ਮਾਹਰ ਕਾਰੀਗਰਾਂ ਦੀ ਥਾਂ ਸਾਧਾਰਨ ਮਜ਼ਦੂਰਾਂ ਨੂੰ ਲਾ ਕੇ ਇਸ ਦੀ ਕੀਮਤ ਘੱਟ ਕਰਨਾ ਹੈ। ਵਧੇਰੇ ਪਣ-ਮਰੋੜ ਜਾਂ ਕੱਤਣ ਵਾਲੀਆਂ ਸੂਤੀ ਮਿੱਲਾਂ ਵਿੱਚ ਕੱਤਣ ਦਾ ਕੰਮ ਸਾਰੇ ਦਾ ਸਾਰਾ ਸੋਲ੍ਹਾਂ ਜਾਂ ਵਧੇਰੇ ਸਾਲਾਂ ਦੀਆਂ ਇਸਤਰੀਆਂ ਕਰਦੀਆਂ ਹਨ। ਸਾਧਾਰਨ ਕੱਤਣ ਵਾਲੀਆਂ ਮਸ਼ੀਨਾਂ ਲਾਉਣ ਦਾ ਅਸਰ ਕੱਤਣ ਵਾਲੇ ਆਦਮੀਆਂ ਨੂੰ ਬਰਖਾਸਤ ਕਰਨਾ, ਬੱਚਿਆਂ ਅਤੇ ਗਭਰੇਟਾਂ ਨੂੰ ਰੱਖਣਾ ਹੈ।"

ਬੜੇ ਉਤਸ਼ਾਹੀ ਸੁਤੰਤਰ ਵਪਾਰੀ, ਡਾ. ਊਰੇ ਦੇ ਇਹ ਸ਼ਬਦ ਡਾ. ਬਉਰਿੰਗ ਦੇ ਇਕਬਾਲਾਂ ਨੂੰ ਪੂਰਿਆਂ ਕਰਨ ਦਾ ਕੰਮ ਸਾਰਦੇ ਹਨ। ਡਾ. ਬਉਰਿੰਗ ਕੁਝ ਸ਼ਖਸੀ ਬੁਰਾਈਆਂ ਦਾ ਜ਼ਿਕਰ ਕਰਦਾ ਹੈ ਅਤੇ ਨਾਲ ਹੀ ਕਹਿੰਦਾ ਹੈ ਕਿ ਇਹ ਸ਼ਖਸੀ ਬੁਰਾਈਆਂ ਸਮੁੱਚੀਆਂ ਜਮਾਤਾਂ ਨੂੰ ਤਬਾਹ ਕਰ ਦੇਂਦੀਆਂ ਹਨ, ਉਹ ਬਦਲੀ ਦੇ ਦੌਰ ਦੇ ਦੌਰਾਨ ਵਕਤੀ ਬੁਰਾਈਆਂ ਦੀ ਜ਼ਿਕਰ ਕਰਦਾ ਹੈ ਅਤੇ ਐਨ ਉਸ ਵਕਤ ਜਿਸ ਵਕਤ ਕਿ ਉਨ੍ਹਾਂ ਬਾਰੇ ਗੱਲ ਕਰਦਾ ਹੈ, ਉਹ ਇਸ ਤੋਂ ਇਨਕਾਰ ਨਹੀਂ ਕਰਦਾ ਕਿ ਬਹੁ ਗਿਣਤੀ ਲਈ ਇਨ੍ਹਾਂ ਵਕਤੀ ਬੁਰਾਈਆਂ ਦਾ ਭਾਵ ਜ਼ਿੰਦਗੀ ਤੋਂ ਮੌਤ ਵੱਲ ਨੂੰ ਤਬਦੀਲੀ ਵਿੱਚ ਨਿਕਲਿਆ ਹੈ ਅਤੇ ਬਾਕੀ ਦਿਆਂ ਲਈ ਚੰਗੇਰੀਆਂ ਤੋਂ ਮੰਦੀਆਂ ਹਾਲਤਾਂ ਵੱਲ ਤਬਦੀਲੀ ਵਿੱਚ। ਜੇ ਉਹ ਅੱਗੇ ਜਾ ਕੇ ਇਸ ਗੱਲ ਉੱਤੇ ਜ਼ੋਰ ਦੇਂਦਾ ਹੈ ਕਿ ਇਨ੍ਹਾਂ ਮਜ਼ਦੂਰਾਂ ਦੀਆਂ ਮੁਸੀਬਤਾਂ ਸੱਨਅਤ ਦੀ ਉਨੱਤੀ ਨਾਲੋਂ ਅਨਿੱਖੜਵੀਆਂ ਹਨ ਅਤੇ ਕੌਮਾਂ ਦੀ ਖੁਸ਼ਹਾਲੀ ਲਈ ਅਵੱਸ਼ਕ ਹਨ, ਉਹ ਸਿਰਫ ਇਹ ਕਹਿ

ਰਿਹਾ ਹੁੰਦਾ ਹੈ ਕਿ ਸਰਮਾਏਦਾਰ ਸ਼੍ਰੇਣੀ ਦੀ ਖੁਸ਼ਹਾਲੀ ਮਜ਼ਦੂਰ ਜਮਾਤ ਦੀ ਮੁਸੀਬਤ ਦੀ ਅਵੱਸ਼ਕਤਾ ਨੂੰ ਪਹਿਲਾਂ ਹੀ ਮਿੱਥ ਲੈਂਦੀ ਹੈ।

ਤਬਾਹ ਹੋਣ ਵਾਲੇ ਮਜ਼ਦੂਰਾਂ ਨੂੰ ਡਾ. ਬਉਰਿਗ ਜਿਨੀ ਕੁ ਤਸੱਲੀ ਪੇਸ਼ ਕਰਦਾ ਹੈ ਅਤੇ ਯਕੀਨਨ ਹਾਣ ਪੂਰਤੀ ਦਾ ਸਾਰਾ ਸਿਧਾਂਤ, ਜੋ ਕਿ ਸੁਤੰਤਰ ਵਪਾਰ ਪੇਸ਼ ਕਰਦਾ ਹੈ। ਇੱਥੇ ਆ ਨਿਬੜਦਾ ਹੈ।

"ਐ ਤਬਾਹ ਹੋਣ ਵਾਲੇ ਹਜ਼ਾਰਾਂ ਮਜ਼ਦੂਰੋ, ਮਾਯੂਸ ਨਾ ਹੋਵੋ! ਤੁਸੀਂ ਸੁਖੀ ਜ਼ਮੀਰ ਨਾਲ ਮਰ ਸਕਦੇ ਹੋ। ਤੁਹਾਡੀ ਸ਼੍ਰੇਣੀ ਖਤਮ ਨਹੀਂ ਹੋਵੇਗੀ। ਇਹ ਹਮੇਸ਼ਾ ਹੀ ਏਨੀ ਅਣਗਿਣਤ ਹੋਵੇਗੀ ਕਿ ਸਰਮਾਏਦਾਰ ਜਮਾਤ ਇਸ ਦਾ ਮੂਲੋਂ ਨਾਸ ਕਰ ਦੇਣ ਦੇ ਡਰ ਦੇ ਬਿਨ੍ਹਾਂ ਹੀ ਇਸ ਦੇ ਕਾਫੀ ਵੱਡੇ ਹਿੱਸੇ ਨੂੰ ਮੌਤ ਦੇ ਘਾਟ ਉਤਾਰ ਸਕਦੀ ਹੈ। ਇਸ ਤੋਂ ਉਪਰੰਤ, ਸਰਮਾਇਆ ਲਾਹੇਵੰਦ ਤਰੀਕੇ ਨਾਲ ਵਰਤਿਆ ਵੀ ਕਿਵੇਂ ਜਾ ਸਕਦਾ ਹੈ ਜੇ ਉਹ ਆਪਣੇ ਲੁੱਟ-ਖਸੁੱਟ ਯੋਗ ਮਾਲ ਬਾਲ ਮਜ਼ਦੂਰਾਂ ਨੂੰ ਹਮੇਸ਼ਾ ਹੀ ਕਾਇਮ ਰੱਖ ਸਕਣ ਵੱਲ ਧਿਆਨ ਨਹੀਂ ਦੇਂਦਾ ਤਾਂ ਜੋ ਉਹ ਉਨ੍ਹਾਂ ਦੀ ਮੁੜ ਮੁੜ ਕੇ ਲੁੱਟ-ਖਸੁੱਟ ਕਰ ਸਕੇ?"

ਪਰ ਇਸ ਤੋਂ ਛੁੱਟ ਇਹ ਸੁਆਲ ਅਜੇ ਤੱਕ ਹੱਲ ਲੋੜੀਂਦੀ ਸਮੱਸਿਆ ਦੇ ਤੌਰ 'ਤੇ ਕਿਉਂ ਪੇਸ਼ ਕੀਤਾ ਜਾਏ? ਸੁਤੰਤਰ ਵਪਾਰ ਦੇ ਅਪਨਾਉਣ ਨਾਲ ਮਜ਼ਦੂਰ ਜਮਾਤ ਦੀ ਹਾਲਤ ਉਪਰ ਕੀ ਅਸਰ ਪਵੇਗਾ? ਕੁਏਸ਼ਨੇ ਤੋਂ ਲੈ ਕੇ ਰਿਕਾਰਡੋ ਤੱਕ ਸਾਰੇ ਰਾਜਨੀਤਕ ਅਰਥਸ਼ਾਸਤਰੀਆਂ ਦੇ ਘੜੇ ਹੋਏ ਸਾਰੇ ਕਾਨੂੰਨ ਇਸ ਮਿੱਥ ਉੱਪਰ ਆਧਾਰਤ ਹਨ ਕਿ ਸਭ ਰੁਕਾਵਟਾਂ, ਜੋ ਅੱਜ ਵੀ ਵਪਾਰਕ ਆਜ਼ਾਦੀ ਵਿੱਚ ਦਖ਼ਲ-ਅੰਦਾਜ਼ ਹੁੰਦੀਆਂ ਹਨ, ਅਲੋਪ ਹੋ ਗਈਆਂ ਹਨ। ਇਹ ਕਾਨੂੰਨ ਉਸੇ ਨਿਸਬਤ ਨਾਲ ਸੱਚੇ ਸਿੱਧ ਹੁੰਦੇ ਹਨ, ਜਿਸ ਨਾਲ ਕਿ ਸੁਤੰਤਰ ਵਪਾਰ ਅਪਣਾਇਆ ਜਾਂਦਾ ਹੈ। ਇਨ੍ਹਾਂ ਵਿੱਚੋਂ ਪਹਿਲਾ ਕਾਨੂੰਨ ਇਹ ਹੈ ਕਿ ਮੁਕਾਬਲਾ ਹਰ ਜਿਨਸ ਦੀ ਕੀਮਤ ਘਟਾ ਕੇ ਉਤਪਾਦਨ ਦੀ ਘੱਟੋ ਘੱਟ ਕੀਮਤ ਤੇ ਲੈ ਆਉਂਦਾ ਹੈ। ਇਸ ਲਈ ਘੱਟ ਤੋਂ ਘੱਟ ਉਜਰਤ ਮਿਹਨਤ ਦੀ ਸੁਭਾਵਿਕ ਕੀਮਤ ਹੈ ਅਤੇ ਉਜਰਤ ਦੀ ਘੱਟ ਤੋਂ ਘੱਟ ਸੀਮਾ ਕੀ ਹੈ? ਬੱਸ ਏਨੀ ਕੁ ਉਜਰਤ ਜਿਨੀ ਕਿ ਉਨ੍ਹਾਂ ਵਸਤੂਆਂ ਦੇ ਉਤਪਾਦਨ ਲਈ ਜ਼ਰੂਰੀ ਹੈ, ਜਿਹੜੀਆਂ ਕਿ ਮਜ਼ਦੂਰ ਨਿਰਬਾਹ ਲਈ, ਉਸਨੂੰ ਭਾਵੇਂ ਕਿੰਨੀ ਭੈੜੀ ਤਰ੍ਹਾਂ ਵੀ ਹੋ ਸਕੇ, ਆਪਣੇ ਆਪ ਜਿਉਂਦਿਆਂ ਰੱਖ ਸਕਣ ਦੀ ਅਵਸਥਾ ਵਿੱਚ ਰੱਖਣ ਲਈ ਅਤੇ ਉਸ ਦੀ ਨਸਲ ਨੂੰ ਭਾਵੇਂ ਕਿੰਨੇ ਵੀ ਘਟੀਆ ਤਰੀਕੇ ਨਾਲ, ਵਾਧੇ ਵਿੱਚ ਰੱਖਣ ਲਈ, ਅਤਿ ਲੋੜੀਂਦੀਆਂ ਹਨ।

ਪਰ ਇਹ ਖਿਆਲ ਨਾਂ ਕਰੋ ਕਿ ਮਜ਼ਦੂਰ ਹਮੇਸ਼ਾ ਸਿਰਫ਼ ਇਹ ਘੱਟ ਤੋਂ ਘੱਟ ਉਜਰਤ ਲੈਂਦਾ ਹੈ ਅਤੇ ਇਹ ਖਿਆਲ ਹੋਰ ਵੀ ਘੱਟ ਕਰੋ ਕਿ ਉਹ ਹਮੇਸ਼ਾ ਹੀ ਇਹੀ ਲੈਂਦਾ ਹੈ।

ਨਹੀਂ, ਇਸ ਕਾਨੂੰਨ ਅਨੁਸਾਰ, ਮਜ਼ਦੂਰ ਜਮਾਤ ਕਈ ਵਾਰ ਵਧੇਰੇ ਖੁਸ਼ਕਿਸਮਤ ਹੋਵੇਗੀ। ਇਸ ਨੂੰ ਕਦੀ ਕਦੀ ਇਸ ਘੱਟੋ ਘੱਟ ਉਜਰਤ ਤੋਂ ਜ਼ਿਆਦਾ ਵੀ ਮਿਲੇਗਾ, ਪਰ ਇਹ ਬਹੁਤੀ ਉਜਰਤ ਸਿਰਫ਼ ਉਸ ਘਾਟੇ ਨੂੰ ਪੂਰਾ ਕਰਦੀ ਹੈ ਜੋ ਕਿ ਸੱਨਅਤੀ ਖੜੋਤ ਦੇ ਵੇਲੇ ਘੱਟੋ ਘੱਟ ਤੋਂ ਵੀ ਥੋਹੜੀ ਉਜਰਤ ਲੈਣ ਵਿੱਚ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਇੱਕ

ਨਿਸ਼ਚਿਤ ਸਮੇਂ ਵਿੱਚ, ਜੋ ਕਿ ਖਾਸ ਸਮੇਂ ਬਾਅਦ ਐਸੇ ਚੱਕਰ ਦੇ ਰੂਪ ਵਿੱਚ ਮੁੜ ਮੁੜ ਵਾਪਰਦਾ ਹੈ ਜਿਸ ਵਿੱਚੋਂ ਕਿ ਸੱਨਅਤ ਗੁਜ਼ਰਦੀ ਹੈ ਜਦ ਕਿ ਉਹ ਆਪਣੇ ਖੁਸ਼ਹਾਲੀ, ਬਹੁ-ਉਤਪਾਦਨ ਖੜੋਤ ਅਤੇ ਸੰਕਟ ਦੇ ਉਤਾਰ ਚੜ੍ਹਾਅ 'ਚੋਂ ਲੰਘਦੀ ਹੈ, ਜਦੋਂ ਇਸ ਸਭ ਕੁਝ ਦਾ ਧਿਆਨ ਰੱਖਦਿਆਂ ਮਜ਼ਦੂਰ ਜਮਾਤ ਲੋੜਾਂ ਤੋਂ ਜ਼ਿਆਦਾ ਜਾਂ ਘੱਟ ਹਾਸਲ ਕਰੇਗੀ, ਅਸੀਂ ਦੇਖਾਂਗੇ ਕਿ ਸਮੁੱਚੇ ਤੌਰ 'ਤੇ, ਇਸ ਨੂੰ ਘੱਟ ਤੋਂ ਘੱਟ ਉਜਰਤ ਤੋਂ ਨਾ ਘੱਟ ਤੇ ਨਾ ਵੱਧ ਮਿਲੀ ਹੋਵੇਗੀ, ਜਿਸਦਾ ਭਾਵ ਇਹ ਹੈ ਕਿ ਮਜ਼ਦੂਰ ਜਮਾਤ ਨੇ, ਕਿੰਨੀ ਵੀ ਜ਼ਿਆਦਾ ਮੁਸੀਬਤ ਜਾਂ ਬਦਹਾਲੀ ਸਹਿਣ ਤੋਂ ਬਾਅਦ ਅਤੇ ਸੱਨਅਤੀ ਯੁੱਧ-ਭੂਮੀ ਉੱਤੇ ਕਈ ਲਾਸ਼ਾਂ ਛੱਡਣ ਤੋਂ ਪਿੱਛੋਂ ਵੀ, ਆਪਣੇ ਆਪ ਨੂੰ ਜਮਾਤ ਦੇ ਤੌਰ 'ਤੇ ਕਾਇਮ ਰੱਖਿਆ ਹੋਵੇਗਾ। ਪਰ ਤਦ ਕੀ ਹੋਇਆ? ਇਹ ਜਮਾਤ ਫਿਰ ਵੀ ਹੋਂਦ ਵਿੱਚ ਰਹੇਗੀ, ਨਹੀਂ, ਸਗੋਂ ਇਸ ਤੋਂ ਵੀ ਵੱਧ, ਇਹ ਵਧ ਗਈ ਹੋਵੇਗੀ।

ਪਰ ਇਹੋ ਨਹੀਂ। ਸਨਅਤ ਦੀ ਉੱਨਤੀ ਉਪਜੀਵਕਾ ਦੇ ਘੱਟ ਖਰਚੀਲੇ ਸਾਧਨ ਪੈਦਾ ਕਰਦੀ ਹੈ। ਇਸ ਤਰ੍ਹਾਂ ਬੀਅਰ ਦੀ ਥਾਂ ਸਪਿਰਿਟ ਨੇ, ਉਨ ਅਤੇ ਲਿਨਨ ਦੀ ਥਾਂ ਸੂਤ ਨੇ ਅਤੇ ਰੋਟੀ ਦੀ ਥਾਂ ਆਲੂਆਂ ਨੇ ਲੈ ਲਈ ਹੈ।

ਇਸ ਤਰ੍ਹਾਂ ਕਿਉਂਕਿ ਮਜ਼ਦੂਰਾਂ ਨੂੰ ਸਸਤੀ ਅਤੇ ਹੋਰ ਨਖਿੱਧ ਖੁਰਾਕ ਉੱਪਰ ਕਾਇਮ ਰੱਖ ਸਕਣ ਲਈ ਲਗਾਤਾਰ ਸਾਧਨ ਲੱਭੇ ਜਾ ਰਹੇ ਹਨ, ਇਸ ਲਈ ਉਜਰਤਾਂ ਦੀ ਘੱਟ ਤੋਂ ਘੱਟ ਸੀਮਾਂ ਲਗਾਤਾਰ ਥੱਲੇ ਜਾ ਰਹੀ ਹੈ। ਜੇ ਇਹ ਉਜਰਤਾਂ ਸ਼ੁਰੂ ਇਥੋਂ ਹੋਈਆਂ ਸਨ ਕਿ ਆਦਮੀ ਜਿਊਣ ਲਈ ਕੰਮ ਕਰੇ ਤਾਂ ਇਨ੍ਹਾਂ ਦਾ ਅੰਤ ਸਿਰਫ਼ ਇੱਕ ਮਸ਼ੀਨ ਦੀ ਜ਼ਿੰਦਗੀ ਬਸਰ ਕਰਨ 'ਤੇ ਮਜ਼ਬੂਰ ਕਰਨ ਵਿੱਚ ਹੋਵੇਗਾ। ਉਸਦੀ ਹੋਂਦ ਦੀ ਇੱਕ ਸਾਧਾਰਨ ਉਤਪਾਦਕ ਤਾਕਤ ਤੋਂ ਵੱਧ ਕੋਈ ਕੀਮਤ ਨਹੀ, ਅਤੇ ਸਰਮਾਏਦਾਰ ਉਸ ਨਾਲ ਵਰਤਦਾ ਵੀ ਇਸੇ ਤਰ੍ਹਾਂ ਹੀ ਹੈ।

ਮਿਹਨਤ ਦੀ ਜਿਨਸ ਦੇ, ਘੱਟ ਤੋਂ ਘੱਟ ਉਜਰਤ ਦੇ ਕਾਨੂੰਨ ਦੀ ਪੌੜਤਾ ਉਸੇ ਨਿਸਬਤ ਨਾਲ ਹੋਈ ਜਾਏਗੀ ਜਿਸ ਨਿਸਬਤ ਨਾਲ ਕਿ ਅਰਥਸ਼ਾਸਤਰੀਆਂ ਦਾ ਕਿਆਸ, ਸੁਤੰਤਰ ਵਪਾਰ, ਵਿਆਪਕ ਹਕੀਕਤ ਬਣ ਜਾਂਦਾ ਹੈ। ਇਸ ਲਈ ਦੋਹਾਂ ਵਿੱਚੋਂ ਕੋਈ ਗੱਲ ਕਰਨੀ ਪਵੇਗੀ, ਜਾਂ ਸੁਤੰਤਰ ਵਪਾਰ ਦੀ ਸ਼ਰਤ ਉੱਪਰ ਅਧਾਰਤ ਸਾਰੀ ਰਾਜਨੀਤਕ ਆਰਥਕਤਾ ਨੂੰ ਰੱਦ ਕਰਨਾ ਪਵੇਗਾ, ਜਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਇਸ ਸੁਤੰਤਰ ਵਪਾਰ ਹੇਠ ਆਰਥਕ ਨਿਯਮਾਂ ਦਾ ਸਾਰਾ ਕਹਿਰ ਮਜ਼ਦੂਰ ਉੱਪਰ ਨਸ਼ਰ ਹੋਵੇਗਾ।

ਮੁੱਦਾ ਇਹ ਹੈ ਕਿ ਸਮਾਜ ਦੀ ਅੱਜ ਦੀ ਅਵਸਥਾ ਵਿੱਚ ਸੁਤੰਤਰ ਵਪਾਰ ਦਾ ਕੀ ਭਾਵ ਹੈ? ਇਸ ਦਾ ਭਾਵ ਸਰਮਾਏ ਦੀ ਸੁਤੰਤਰਤਾ ਹੈ। ਜਦੋਂ ਤੁਸੀਂ ਕੁਝ ਕੁ ਕੌਮੀ ਬੰਧਨ ਤੋੜ ਦਿੱਤੇ ਹੋਣਗੇ, ਜੋ ਕਿ ਅਜੇ ਵੀ ਸਰਮਾਏ ਦੀ ਉੱਨਤੀ ਨੂੰ ਸੀਮਤ ਰੱਖਦੇ ਹਨ, ਤਾਂ ਤੁਸੀਂ ਇਸ ਨੂੰ ਸਿਰਫ਼ ਕਰਮ ਕਰਨ ਦੀ ਪੂਰਨ ਸੁਤੰਤਰਤਾ ਦੇ ਦਿੱਤੀ ਹੋਵੇਗੀ। ਜਿਨਾ ਚਿਰ ਤੁਸੀਂ ਉਜਰਤੀ ਮਿਹਨਤ ਦਾ ਸਰਮਾਏ ਨਾਲ ਸਬੰਧ ਕਾਇਮ ਰਖਦੇ ਹੋ, ਕੋਈ ਗੱਲ ਨਹੀਂ ਕਿ ਭਾਵੇਂ ਉਹ ਹਾਲਾਤ ਕਿੰਨੇ ਵੀ ਅਨੁਕੂਲ ਕਿਉਂ ਨਾ ਹੋਣ ਜਿਨ੍ਹਾਂ ਵਿੱਚ ਕਿ ਜਿਨਸਾਂ ਦਾ ਵਟਾਂਦਰਾ ਹੁੰਦਾ ਹੈ, ਹਮੇਸ਼ਾ ਇੱਕ ਜਮਾਤ ਰਹੇਗੀ ਜੋ ਲੁੱਟ-ਖਸੁੱਟ ਕਰੇਗੀ ਅਤੇ ਦੂਜੀ ਜਮਾਤ, ਜਿਸਦੀ ਲੁੱਟ-

ਖਸੁੱਟ ਹੋਵੇਗੀ। ਸੁਤੰਤਰ ਵਪਾਰੀਆਂ ਦੇ ਦਾਅਵੇ ਨੂੰ ਸਮਝਣਾ ਸਚਮੁੱਚ ਮੁਸ਼ਕਲ ਹੈ ਜੋ ਇਹ ਖਿਆਲ ਕਰਦੇ ਹਨ ਕਿ ਸਰਮਾਏ ਦੀ ਵਧੇਰੇ ਲਾਹੇਵੰਦ ਵਰਤੋਂ ਸੱਨਅਤੀ ਸਰਮਾਏਦਾਰਾਂ ਅਤੇ ਉਜਰਤ ਉੱਤੇ ਕੰਮ ਕਰਦੇ ਮਜ਼ਦੂਰਾਂ ਵਿਚਲਾ ਵਿਰੋਧ ਬਿਲਕੁਲ ਖਤਮ ਕਰ ਦੇਵੇਗੀ। ਇਸ ਤੋਂ ਉਲਟ ਇੱਕੋ-ਇੱਕ ਨਤੀਜਾ ਇਹ ਨਿਕਲੇਗਾ ਕਿ ਇਨ੍ਹਾਂ ਦੋ ਜਮਾਤਾਂ ਵਿੱਚ ਵਿਰੋਧ ਵਧੇਰੇ ਨਿੱਤਰ ਕੇ ਬਾਹਰ ਆਏਗਾ।

ਇੱਕ ਪਲ ਲਈ ਫਰਜ਼ ਕਰੋ ਕਿ ਅਨਾਜ ਦੇ ਕਾਨੂੰਨ ਨਹੀਂ ਹਨ। ਕੋਈ ਕੌਮੀ ਜਾਂ ਸਥਾਨਕ ਮਹਿਸੂਲ ਟੈਕਸ ਨਹੀਂ ਹਨ-ਅਸਲ ਵਿੱਚ, ਇਹ ਫਰਜ਼ ਕਰੋ ਕਿ ਸਾਰੇ ਵੱਸੋਂ-ਬਾਹਰੇ ਹਾਲਤ, ਜਿਨ੍ਹਾਂ ਨੂੰ ਅੱਜ ਮਜ਼ਦੂਰ ਆਪਣੀ ਦੁਖੀ ਹਾਲਤ ਦਾ ਕਾਰਨ ਸਮਝ ਸਕਦਾ ਹੈ, ਬਿਲਕੁਲ ਅਲੋਪ ਹੋ ਗਏ ਹਨ, ਤਾਂ ਕਈ ਪੜਦੇ ਹਟਾ ਦਿੱਤੇ ਹੋਣਗੇ, ਜੋ ਕਿ ਉਸ ਦੀਆਂ ਨਜ਼ਰਾਂ ਅੱਗੋਂ ਉਸ ਦੇ ਅਸਲੀ ਦੁਸ਼ਮਣ ਨੂੰ ਲੁਕਾਈ ਬੈਠੇ ਹਨ।

ਉਹ ਦੇਖ ਲਵੇਗਾ ਕਿ, ਸੁਤੰਤਰ ਹੋਇਆ ਸਰਮਾਇਆ ਮਹਿਸੂਲ ਟੈਕਸਾਂ ਦੇ ਜਕੜਾਂ ਵਿੱਚ ਪਏ ਸਰਮਾਏ ਨਾਲੋਂ ਉਸਨੂੰ ਘੱਟ ਗੁਲਾਮ ਨਹੀਂ ਬਣਾਉਂਦਾ।

ਸੱਜਣੋ! ਸੁਤੰਤਰਤਾ ਦੇ ਭਾਵਵਾਚਕ ਸ਼ਬਦ ਤੋਂ ਤੁਸੀਂ ਆਪਣੇ ਆਪ ਨੂੰ ਧੋਖੇ ਵਿੱਚ ਨਾ ਪਾ ਲਓ। ਕਿਸ ਦੀ ਸੁਤੰਤਰਤਾ? ਇਹ ਇੱਕ ਵਿਅਕਤੀ ਦੀ ਦੂਜੇ ਦੇ ਸੰਬੰਧ ਵਿੱਚ ਸੁਤੰਤਰਤਾ ਨਹੀਂ, ਸਗੋਂ ਮਜ਼ਦੂਰ ਨੂੰ ਮਧੋਲਣ ਲਈ ਸਰਮਾਏ ਦੀ ਸੁਤੰਤਰਤਾ ਹੈ।

ਤੁਸੀਂ ਸੁਤੰਤਰਤਾ ਦੇ ਐਸੇ ਕਿਆਸ ਨਾਲ ਖੁੱਲ੍ਹੇ ਮੁਕਾਬਲੇ ਨੂੰ ਕਿਉਂ ਮਨਜ਼ੂਰੀ ਦਈ ਜਾਣ ਦੇ ਇਛੁੱਕ ਹੋਵੋ, ਜਦ ਕਿ ਇਹ ਸੁਤੰਤਰਤਾ ਸਿਰਫ ਖੁੱਲ੍ਹੇ ਮੁਕਾਬਲੇ ਉੱਪਰ ਅਧਾਰਤ ਚੀਜ਼ਾਂ ਦੀ ਇੱਕ ਅਵਸਥਾ ਦੀ ਹੀ ਉਪਜ ਹੈ?

ਅਸੀਂ ਇਹ ਦੱਸਿਆ ਹੈ ਕਿ ਸੁਤੰਤਰ ਵਪਾਰ ਇੱਕੋ ਹੀ ਕੌਮ ਦੀਆਂ ਵੱਖੋ-ਵੱਖਰੀਆਂ ਜਮਾਤਾਂ ਵਿਚਕਾਰ ਕਿਸ ਤਰ੍ਹਾਂ ਦਾ ਭਰਾਤਰੀ ਭਾਵ ਪੈਦਾ ਕਰਦਾ ਹੈ। ਇਸ ਧਰਤੀ ਦੀਆਂ ਕੌਮਾਂ ਵਿਚਕਾਰ ਜਿਸ ਤਰ੍ਹਾਂ ਦਾ ਭਰਾਤਰੀ ਭਾਵ ਸੁਤੰਤਰ ਵਪਾਰ ਪੈਦਾ ਕਰੇਗਾ ਉਹ ਸ਼ਾਇਦ ਹੀ ਵਧੇਰੇ ਭਰੱਪਣ ਵਾਲਾ ਹੋਵੇ। ਅੰਤਰਰਾਸ਼ਟਰੀ ਲੁੱਟ-ਖਸੁੱਟ ਨੂੰ ਦੁਨਿਆਵੀ ਭਾਈਚਾਰੇ ਦਾ ਨਾਂਅ ਦੇਣਾ ਐਸਾ ਵਿਚਾਰ ਹੈ ਜੋ ਕਿ ਸਿਰਫ ਸਰਮਾਏਦਾਰਾਂ ਦੇ ਦਿਮਾਗ ਵਿੱਚ ਹੀ ਪੈਦਾ ਕੀਤਾ ਜਾ ਸਕਦਾ ਹੈ। ਸਾਰੇ ਦੇ ਸਾਰੇ ਤਬਾਹੀ ਵੱਲ ਲੈ ਜਾਣ ਵਾਲੇ ਕਦਮ, ਜੋ ਕਿ ਇੱਕੋ ਹੀ ਦੇਸ਼ ਵਿੱਚ ਅਸੀਮਤ ਮੁਕਾਬਲੇ ਤੋਂ ਪੈਦਾ ਹੁੰਦੇ ਹਨ, ਸੰਸਾਰ ਮੰਡੀ ਵਿੱਚ ਬੇਬਹਾ ਗੁਣਾ ਵੱਡੇ ਰੂਪ ਵਿੱਚ ਦੁਹਰਾਏ ਜਾਂਦੇ ਹਨ। ਇਸ ਵਿਸ਼ੇ 'ਤੇ ਸੁਤੰਤਰ ਵਪਾਰ ਦੇ ਮਿੱਥਿਆਵਾਦ ਉੱਪਰ ਹੋਰ ਵਧੇਰੇ ਕੁਝ ਕਹਿਣ ਦੀ ਲੋੜ ਨਹੀਂ, ਜੋ ਕਿ ਸਾਡੇ ਇਨਾਮ-ਜੇਤੂਆਂ ਸਰਵ ਸ੍ਰੀ ਹੋਪ, ਮੋਰਸ ਅਤੇ ਗਰੇਗ ਦੀਆਂ ਦਲੀਲਾਂ ਤੋਂ ਵਧੇਰੇ ਵੁੱਕਤ ਨਹੀਂ ਰੱਖਦੇ।

ਉਦਾਹਰਣ ਵਜੋਂ, ਸਾਨੂੰ ਇਹ ਦੱਸਿਆ ਜਾਂਦਾ ਹੈ ਕਿ ਸੁਤੰਤਰ ਵਪਾਰ ਕੌਮਾਂਤਰੀ ਮਿਹਨਤ ਦੀ ਵੰਡ ਪੈਦਾ ਕਰ ਦੇਵੇਗਾ ਅਤੇ ਇਸ ਤਰ੍ਹਾਂ ਹਰ ਮੁਲਕ ਨੂੰ ਐਸੇ ਉਤਪਾਦਨ ਵਿੱਚ ਲਾ ਦੇਵੇਗਾ ਜੋ ਕਿ ਇਸ ਦੇ ਕੁਦਰਤੀ ਵਸੀਲਿਆਂ ਨਾਲ ਸਭ ਤੋਂ ਵੱਧ ਇਕਸੁਰ ਹੈ।

ਸੱਜਣੋ, ਤੁਸੀਂ ਸ਼ਾਇਦ ਯਕੀਨ ਰੱਖਦੇ ਹੋ ਕਿ, ਕਾਫੀ ਅਤੇ ਖੰਡ ਪੈਦਾ ਕਰਨਾ ਵੈਸਟ-ਇੰਡੀਜ਼ ਦੇ ਕੁਦਰਤੀ ਨਸੀਬ ਹਨ।

ਦੋ ਸਦੀਆਂ ਪਹਿਲਾਂ, ਕੁਦਰਤ ਨੇ, ਜੋ ਕਿ ਵਪਾਰ ਬਾਰੇ ਆਪਣੇ ਆਪ ਤੋਂ ਕੋਈ ਸਿਰਦਰਦੀ ਨਹੀਂ ਲੈਂਦੀ, ਉੱਥੇ ਨਾ ਗੰਨਾ ਉਗਾਇਆ ਸੀ, ਨਾ ਕਾਫ਼ੀ ਦੇ ਦਰੱਖਤ ਅਤੇ ਹੋ ਸਕਦਾ ਹੈ ਕਿ ਅੱਧੀ ਸਦੀ ਤੋਂ ਵੀ ਘੱਟ ਸਮੇਂ ਵਿੱਚ ਤੁਸੀਂ ਉੱਥੇ ਨਾ ਕਾਫ਼ੀ ਤੇ ਨਾ ਖੰਡ ਦੇਖੋਗੇ, ਕਿਉਂਕਿ ਈਸਟ ਇੰਡੀਜ਼ ਨੇ ਸਸਤੇ ਉਤਪਾਦਨ ਸਦਕਾ ਪਹਿਲਾਂ ਹੀ ਵੈਸਟ ਇੰਡੀਜ਼ ਦੀ ਇਸ ਅਖਾਉਤੀ ਕੁਦਰਤੀ ਹੋਣੀ ਨਾਲ ਬੜੀ ਕਾਮਯਾਬੀ ਨਾਲ ਟੱਕਰ ਲਈ ਹੈ। ਵੈਸਟ-ਇੰਡੀਜ਼, ਆਪਣੀ ਕੁਦਰਤੀ ਦੌਲਤ ਨਾਲ ਪਹਿਲਾਂ ਹੀ ਇੰਗਲੈਂਡ ਲਈ ਏਨਾ ਭਾਰੀ ਬੋਝ ਹਨ ਜਿੰਨਾ ਕਿ ਢਾਕੇ ਦੇ ਜੁਲਾਹੇ ਸਨ, ਜਿਨ੍ਹਾਂ ਦੀ ਹੋਣੀ ਵੀ ਸਮੇਂ ਦੇ ਆਦਿ ਤੋਂ ਹੱਥ ਨਾਲ ਬੁਣਨਾ ਹੀ ਸੀ।

ਇੱਕ ਹੋਰ ਗੱਲ ਕਦੀ ਨਹੀਂ ਭੁੱਲਣੀ ਚਾਹੀਦੀ , ਕਿ ਜਿਸ ਤਰ੍ਹਾਂ ਕਿ ਹਰ ਚੀਜ਼ ਇਜਾਰੇਦਾਰੀ ਬਣ ਗਈ ਹੈ ਉਸੇ ਤਰ੍ਹਾਂ ਅੱਜ ਕੱਲ੍ਹ ਸਨਅਤ ਦੀਆਂ ਕੁਝ ਸ਼ਾਖਾਵਾਂ ਹਨ ਜੋ ਕਿ ਹੋਰ ਸਾਰੀਆਂ ਉੱਪਰ ਭਾਰੂ ਹਨ ਅਤੇ ਉਨ੍ਹਾਂ ਕੌਮਾਂ ਲਈ ਸੰਸਾਰ ਮੰਡੀ ਦੀ ਸਰਦਾਰੀ ਪੱਕੀ ਕਰਦੀਆਂ ਹਨ ਜੋ ਉਨ੍ਹਾਂ ਨੂੰ ਵਰਤਦੀਆਂ ਹਨ। ਇਸ ਤਰ੍ਹਾਂ ਕੌਮਾਂਤਰੀ ਵਪਾਰ ਵਿੱਚ ਇਕੱਲੀ ਕਪਾਹ ਦੀ ਏਨੀ ਜ਼ਿਆਦਾ ਵਪਾਰਕ ਮਹੱਤਤਾ ਹੈ ਜਿੰਨੀ ਕਿ ਕੱਪੜੇ ਬੁਣਨ ਵਾਲੇ ਕਾਰਖਾਨਿਆਂ ਵਿੱਚ ਵਰਤੀਂਦੇ ਬਾਕੀ ਸਾਰੇ ਕੱਚੇ ਮਾਲਾਂ ਦੀ ਰਲਾ ਕੇ ਵੀ ਨਹੀਂ ਹੁੰਦੀ। ਇਹ ਗੱਲ ਸਚਮੁੱਚ ਕਿੱਡੀ ਹਾਸੋਹੀਣੀ ਹੈ ਕਿ ਸੁਤੰਤਰ ਵਪਾਰੀਏ ਸਨਅਤ ਦੀ ਹਰ ਸ਼ਾਖ ਦੀਆਂ ਕੁੱਝ ਵਿਸ਼ੇਸ਼ਤਾਈਆਂ ਉੱਪਰ ਜ਼ੋਰ ਦੇਂਦੇ ਹਨ ਅਤੇ ਉਨ੍ਹਾਂ ਨੂੰ ਐਸੀਆਂ ਵਸਤੂਆਂ ਦੇ ਨਾਲ ਤੋਲਣ ਲਈ ਕਹਿੰਦੇ ਹਨ ਜੋ ਕਿ ਰੋਜ਼ਾਨਾ ਉਪਭੋਗ ਲਈ ਵਰਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇਸ਼ਾਂ ਵਿੱਚ ਬਹੁਤ ਸਸਤੀਆਂ ਬਣਦੀਆਂ ਹਨ ਜਿਨ੍ਹਾਂ ਦੇਸ਼ਾਂ ਵਿੱਚ ਕਿ ਕਾਰਖਾਨੇਦਾਰੀ ਸਭ ਤੋਂ ਜ਼ਿਆਦਾ ਉੱਨਤ ਹੋ ਚੁੱਕੀ ਹੈ।

ਜੇ ਸੁਤੰਤਰ ਵਪਾਰੀਏ ਇਹ ਨਹੀਂ ਸਮਝ ਸਕਦੇ ਕਿ ਇੱਕ ਕੌਮ ਕਿਸ ਤਰ੍ਹਾਂ ਦੂਜੀ ਕੌਮ ਦੀ ਕੀਮਤ ਤੇ ਅਮੀਰ ਹੋ ਸਕਦੀ ਹੈ, ਤਾਂ ਸਾਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਕਿਉਂਕਿ ਇਹੀ ਭੱਦਰ ਪੁਰਸ਼ ਇਹ ਸਮਝਣ ਤੋਂ ਇਨਕਾਰ ਕਰ ਦੇਂਦੇ ਹਨ ਕਿ ਇੱਕ ਮੁਲਕ ਦੇ ਅੰਦਰ ਹੀ ਇੱਕ ਜਮਾਤ ਕਿਵੇਂ ਦੂਜੀ ਜਮਾਤ ਦੀ ਕੀਮਤ 'ਤੇ ਆਪਣੇ ਆਪ ਨੂੰ ਅਮੀਰ ਬਣਾਉਂਦੀ ਹੈ।

ਸੱਜਣੋ! ਇਹ ਖਿਆਲ ਨਾ ਕਰੋ ਕਿ ਵਪਾਰ ਦੀ ਸੁਤੰਤਰਤਾ ਦੀ ਆਲੋਚਨਾ ਕਰਨ ਵਿੱਚ ਸਾਡਾ ਮੰਤਵ ਰੱਖਿਅਕ ਪ੍ਰਬੰਧ ਨੂੰ ਠੀਕ ਸਿੱਧ ਕਰਨ ਤੋਂ ਹੈ।

ਅਸੀਂ ਆਪਣੇ ਆਪ ਨੂੰ ਪੁਰਾਤਨ ਢੰਗ ਦੇ ਰਾਜ ਦੇ ਹਾਮੀ ਹੋਣ ਦਾ ਐਲਾਨ ਕਰਨ ਤੋਂ ਬਿਨਾਂ ਵੀ ਵਿਧਾਨਕ ਰਾਜ ਦੇ ਦੁਸ਼ਮਣ ਦੱਸ ਸਕਦੇ ਹਾਂ।

ਇਸ ਤੋਂ ਛੁੱਟ, ਰੱਖਿਅਕ ਪ੍ਰਬੰਧ ਵੀ ਇੱਕ ਖਾਸ ਮੁਲਕ ਵਿੱਚ ਵੱਡੇ ਪੈਮਾਨੇ 'ਤੇ ਸੱਨਅਤ ਕਾਇਮ ਕਰਨ ਦੇ ਸਾਧਨ ਅਤੇ ਇਸ ਨੂੰ ਸੰਸਾਰ ਮਾਰਕੀਟ 'ਤੇ ਨਿਰਭਰ ਬਣਾਉਣ ਤੋਂ ਸਿਵਾ ਕੁਝ ਨਹੀਂ ਅਤੇ ਜਿਸ ਸਮੇਂ ਤੋਂ ਹੀ ਸੰਸਾਰ ਮੰਡੀ ਉੱਪਰ ਨਿਰਭਰਤਾ ਕਾਇਮ ਹੋ ਗਈ ਤਾਂ ਆਪੇ ਹੀ ਸੁਤੰਤਰ ਵਪਾਰ ਉੱਪਰ ਥੋਹੜੀ ਬਹੁਤ ਨਿਰਭਰਤਾ ਹੋ ਗਈ। ਇਸ ਦੇ ਇਲਾਵਾ, ਰੱਖਿਅਕ ਪ੍ਰਬੰਧ ਇੱਕ ਮੁਲਕ ਦੇ ਅੰਦਰ ਹੀ ਸੁਤੰਤਰ ਮੁਕਾਬਲੇ ਵਿੱਚ ਵਾਧਾ ਕਰਨ ਵਿੱਚ ਸਹਾਈ ਹੁੰਦਾ ਹੈ। ਇਸ ਲਈ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਮੁਲਕਾਂ ਵਿੱਚ ਜਿੱਥੇ,

ਸਰਮਾਏਦਾਰੀ ਇੱਕ ਜਮਾਤ ਦੇ ਤੌਰ 'ਤੇ ਸਿਰ ਕੱਢ ਰਹੀ ਹੈ, ਉਦਾਹਰਣ ਵਜੋਂ ਜਰਮਨੀ ਵਿੱਚ, ਉੱਥੇ ਇਹ ਰੱਖਿਅਕ ਮਹਿਸੂਲ ਲਵਾਉਣ ਦੇ ਬੇਹੱਦ ਯਤਨ ਕਰਦੀ ਹੈ। ਇਹ ਮਹਿਸੂਲ ਸਾਮੰਤਸ਼ਾਹੀ ਦੇ ਅਤੇ ਤਾਨਾਸ਼ਾਹੀ ਸਰਕਾਰ ਦੇ ਖ਼ਿਲਾਫ਼ ਹਥਿਆਰਾਂ ਦਾ, ਸਰਮਾਏਦਾਰੀਆਂ ਦੀਆਂ ਆਪਣੀਆਂ ਤਾਕਤਾਂ ਨੂੰ ਕੇਂਦਰਿਤ ਕਰਨ ਦੇ ਸਾਧਨਾਂ ਦਾ ਅਤੇ ਉਸੇ ਮੁਲਕ ਦੇ ਅੰਦਰ ਸੁਤੰਤਰ ਵਪਾਰ ਦੀ ਪੂਰਤੀ ਦਾ ਕੰਮ ਕਰਦੇ ਹਨ।

ਪਰ ਆਮ ਤੌਰ 'ਤੇ, ਸਾਡੇ ਸਮੇਂ ਦਾ ਰੱਖਿਅਕ ਪ੍ਰਬੰਧ ਪਿਛਾਂਹ-ਖਿੱਚੂ ਹੈ ਜਦ ਕਿ ਸੁਤੰਤਰ ਵਪਾਰ ਦਾ ਪ੍ਰਬੰਧ ਤਬਾਹਕੁੰਨ ਹੈ। ਇਹ ਪੁਰਾਣੀਆਂ ਕੌਮੀਅਤਾਂ ਨੂੰ ਭੰਗ ਕਰ ਦੇਂਦਾ ਹੈ ਅਤੇ ਪਰੋਲਤਾਰੀ ਅਤੇ ਬੁਰਜੂਆਜ਼ੀ ਵਿਚਲੇ ਵਿਰੋਧ ਨੂੰ ਸਿਖਰ ਤੱਕ ਧੱਕ ਕੇ ਲੈ ਜਾਂਦਾ ਹੈ। ਮੂਲ ਮੁੱਦਾ ਇਹ ਹੈ ਕਿ ਕੀ ਸੁਤੰਤਰ ਵਪਾਰ ਦਾ ਪ੍ਰਬੰਧ ਸਮਾਜਕ ਇਨਕਲਾਬ ਨੂੰ ਛੇਤੀ ਲੈ ਆਉਂਦਾ ਹੈ। ਸਿਰਫ਼ ਇਸੇ ਇੱਕ ਇਨਕਲਾਬੀ ਅਰਥ ਵਿੱਚ ਸੱਜਣੋ, ਮੈਂ ਸੁਤੰਤਰ ਵਪਾਰ ਦੇ ਹੱਕ ਵਿੱਚ ਆਪਣੀ ਰਾਏ ਦੇਂਦਾ ਹਾਂ।

# ਆਰਥਕ ਰੋਮਾਂਚਵਾਦ ਦਾ ਚਰਿੱਤਰ-ਚਿੱਤਰਣ

**-ਵੀ. ਆਈ. ਲੈਨਿਨ**

## ਰੋਮਾਂਚਵਾਦ ਵੱਲੋਂ ਅਤੇ ਵਿਗਿਆਨਕ ਸਿਧਾਂਤ ਵੱਲੋਂ ਇੰਗਲੈਂਡ ਵਿਚ ਅਨਾਜ ਟੈਰਿਫ ਦਾ ਮੁਲੰਕਣ

ਅਸੀਂ ਸਮਕਾਲੀ ਅਰਥ-ਸ਼ਾਸਤਰ ਦੇ ਮੁਖ ਨੁਕਤਿਆਂ ਬਾਰੇ ਰੋਮਾਂਚਵਾਦ ਦੇ ਸਿਧਾਂਤ ਅਤੇ ਆਧੁਨਿਕ ਸਿਧਾਂਤ ਵਿਚਕਾਰ ਆਪਣੀ ਤੁਲਨਾ ਵਿਚ ਇਕ ਨਿਸ਼ਚਿਤ ਵਿਹਾਰਕ ਸਮੱਸਿਆ ਦੇ ਉਹਨਾਂ ਵਲੋਂ ਵਿਵਰਣ ਵਿਚਕਾਰ ਤੁਲਨਾ ਦਾ ਵਾਧਾ ਕਰਾਂਗੇ। ਅਜਿਹੀ ਤੁਲਨਾ ਹੋਰ ਵੀ ਬਹੁਤ ਦਿਲਚਸਪ ਹੋਵੇਗੀ ਕਿਉਂਕਿ, ਇਕ ਪਾਸੇ, ਇਹ ਵਿਹਾਰਕ ਸਮੱਸਿਆ ਪੂੰਜੀਵਾਦ ਦੀਆਂ ਸਭ ਤੋਂ ਵੱਡੀਆਂ, ਅਤਿਅੰਤ ਬੁਨਿਆਦੀ ਸਮੱਸਿਆਵਾਂ ਵਿਚੋਂ ਇੱਕ ਹੈ, ਅਤੇ ਦੂਜੇ ਪਾਸੇ, ਇਸ ਲਈ ਕਿ ਇਹਨਾਂ ਵਿਰੋਧੀ ਸਿਧਾਂਤਾਂ ਦੇ ਦੋ ਅਤਿਅੰਤ ਸਿਰਕੱਢ ਹਮਾਇਤੀਆਂ ਨੇ ਇਸ ਵਿਸ਼ੇ ਬਾਰੇ ਆਪਣੀ ਰਾਏ ਪ੍ਰਗਟ ਕੀਤੀ ਹੈ।

ਅਸੀਂ ਇੰਗਲੈਂਡ ਵਿਚ ਅਨਾਜ ਕਾਨੂੰਨ ਅਤੇ ਉਹਨਾਂ ਦੀ ਮਨਸੂਖੀ ਵੱਲ ਇਸ਼ਾਰਾ ਕਰ ਰਹੇ ਹਾਂ। ਵਰਤਮਾਨ ਸਦੀ ਦੀ ਦੂਜੀ ਚੌਥਾਈ ਵਿਚ ਇਸ ਮਸਲੇ ਨੇ ਕੇਵਲ ਅੰਗ੍ਰੇਜ਼ ਹੀ ਨਹੀਂ ਸਗੋਂ ਮਹਾਂਦੀਪ ਦੇ ਅਰਥ-ਸ਼ਾਸਤਰੀਆਂ ਦੀ ਡੂੰਘੀ ਦਿਲਚਸਪੀ ਜਗਾਈ; ਉਹਨਾਂ ਸਭਨਾਂ ਨੇ ਅਨੁਭਵ ਕੀਤਾ ਕਿ ਇਹ ਕਿਸੇ ਵੀ ਤਰ੍ਹਾਂ ਟੈਰਿਫ ਨੀਤੀ ਨਾਲ ਸੰਬੰਧਤ ਇਕ ਵਿਸ਼ੇਸ਼ ਸਮੱਸਿਆ ਨਹੀਂ, ਸਗੋਂ ਆਜ਼ਾਦ ਮੁਕਾਬਲੇ ਅਤੇ ਵਪਾਰ ਦੀ, "ਪੂੰਜੀਵਾਦ ਦੀ ਹੋਣੀ" ਦੀ ਵਿਆਪਕ ਸਮੱਸਿਆ ਹੈ। ਇਹ ਆਜ਼ਾਦ ਮੁਕਾਬਲੇ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਉਣ ਤੇ ਪੂੰਜੀਵਾਦ ਦੀ ਇਮਾਰਤ ਨੂੰ ਸਫਲਤਾ ਨਾਲ ਸੰਪੂਰਨ ਕਰਨ ਦਾ; ਉਸ "ਖੰਡ-ਖੰਡ ਹੋਣ" ਦੀ ਪੂਰਤੀ ਲਈ ਰਾਹ ਸਾਫ ਕਰਨ ਦਾ, ਜਿਹੜੇ ਵੱਡੇ ਪੈਮਾਨੇ ਦੀ ਮਸ਼ੀਨੀ ਸੱਨਅਤ ਨਾਲ ਪਿਛਲੀ ਸਦੀ ਦੇ ਅਖੀਰ ਵਿਚ ਆਰੰਭ ਹੋਇਆ ਸੀ; ਜ਼ਰਾਇਤ ਵਿਚ ਇਸ "ਖੰਡ-ਖੰਡ ਹੋਣ" ਵਿਚ ਰੁਕਾਵਟ ਪਾ ਰਹੇ ਰੋੜਿਆਂ ਨੂੰ ਦੂਰ ਕਰਨ ਦਾ ਮਾਮਲਾ ਸੀ। ਜਿਨ੍ਹਾਂ ਦੋ ਮਹਾਂਦੀਪੀ ਅਰਥ-ਸ਼ਾਸਤਰੀਆਂ ਦੀ ਅਸੀਂ ਚਰਚਾ ਕਰਨੀ ਚਾਹੁੰਦੇ ਹਾਂ, ਉਹਨਾਂ ਨੇ ਇਸ ਸਮੱਸਿਆ ਨੂੰ ਇਸ ਤਰੀਕੇ ਨਾਲ ਦੇਖਿਆ ਸੀ।

ਆਪਣੀ Nouveaux principles ਦੀ ਦੂਜੀ ਛਾਪ ਵਿਚ ਸਿਸਮਾਂਦੀ ਨੇ ਇਕ ਕਾਂਡ ਹੋਰ ਜੋੜਿਆ, ਜਿਹੜਾ ਖਾਸ ਕਰਕੇ "ਅਨਾਜ ਦੇ ਵਪਾਰ 'ਤੇ ਲਾਗੂ ਕਾਨੂੰਨਾਂ" ਨਾਲ ਸੰਬੰਧਤ ਸੀ। (I. III, ਕਾਂਡ X)।

ਸਭ ਤੋਂ ਪਹਿਲਾਂ ਉਹ ਸਮੱਸਿਆ ਦੀ ਫੌਰੀ ਅਹਿਮੀਅਤ ਉਤੇ ਜ਼ੋਰ ਦੇਂਦਾ ਹੈ : "ਅੱਧੇ ਅੰਗ੍ਰੇਜ਼ ਲੋਕ ਅੱਜ ਅਨਾਜ ਕਾਨੂੰਨਾਂ ਦੀ ਮਨਸੂਖੀ ਦੀ ਮੰਗ ਕਰ ਰਹੇ ਹਨ, ਉਹਨਾਂ ਦੇ ਖਿਲਾਫ ਬੇਹੱਦ ਗੁੱਸੇ ਨਾਲ ਮੰਗ ਕਰ ਰਹੇ ਹਨ, ਜਿਹੜੇ ਇਹਨਾਂ ਦੀ ਹਮਾਇਤ ਕਰਦੇ ਹਨ ; ਪਰ ਦੂਜੇ ਅੱਧੇ ਲੋਕ ਮੰਗ ਕਰ ਰਹੇ ਹਨ ਕਿ ਇਹਨਾਂ ਨੂੰ ਕਾਇਮ ਰੱਖਿਆ ਜਾਏ ਅਤੇ ਉਹਨਾਂ

ਦੇ ਖਿਲਾਫ ਕ੍ਰੋਧ ਉਗਲਦੇ ਹਨ ਜਿਹੜੇ ਇਹਨਾਂ ਦੀ ਮਨਸੂਖੀ ਚਾਹੁੰਦੇ ਹਨ"(I, 251)।

ਸਮੱਸਿਆ ਦੀ ਜਾਂਚ-ਪੜਤਾਲ ਕਰਦਿਆਂ, ਸਿਸਮਾਂਦੀ ਧਿਆਨ ਦੁਆਉਂਦਾ ਹੈ ਕਿ ਅੰਗ੍ਰੇਜ਼ ਕਿਸਾਨਾਂ ਦੇ ਹਿਤ ਮੰਗ ਕਰਦੇ ਸਨ, ਕਿ ਅਨਾਜ ਟੈਰਿਫ ਉਹਨਾਂ ਲਈ ਮੁਨਾਫੇਯੋਗ ਕੀਮਤਾਂ ਦੀ ਜ਼ਾਮਨੀ ਦੇਣ। ਪਰੰਤੂ, ਕਾਰਖਾਨੇਦਾਰਾਂ ਦੇ ਹਿੱਤ ਅਨਾਜ ਕਾਨੂੰਨ ਦੀ ਮਨਸੂਖੀ ਦੀ ਮੰਗ ਕਰਦੇ ਸਨ, ਕਿਉਂਕਿ ਕਾਰਖਾਨਿਆਂ ਦੀ ਹੋਂਦ ਬਦੇਸ਼ੀ ਮੰਡੀਆਂ ਬਿਨਾਂ ਕਾਇਮ ਨਹੀਂ ਸੀ ਰਹਿ ਸਕਦੀ, ਅਤੇ ਕਾਨੂੰਨ, ਜਿਹੜੇ ਦਰਾਮਦਾਂ ਦੀ ਹੱਦ ਬੰਨ੍ਹਦੇ ਸਨ, ਅੰਗ੍ਰੇਜ਼ ਬਰਾਮਦਾਂ ਦੇ ਹੋਰ ਅਗਲੇਰੇ ਵਿਕਾਸ ਨੂੰ ਰੋਕਦੇ ਸਨ: "ਕਾਰਖਾਨਿਆਂ ਦੇ ਮਾਲਕਾਂ ਨੇ ਹੋਰ ਆਖਿਆ ਕਿ ਮੰਡੀ ਵਿਚ ਮਾਲ ਦੇ ਢੇਰ ਇਹਨਾਂ ਹੀ ਅਨਾਜ ਕਾਨੂੰਨਾਂ ਦਾ ਸਿੱਟਾ ਸੀ; ਕਿ ਮਹਾਂਦੀਪ ਦੇ ਧਨੀ ਲੋਕ ਆਪਣਾ ਮਾਲ ਨਹੀਂ ਖਰੀਦ ਸਕਦੇ ਸਨ ਕਿਉਂਕਿ ਉਹ ਆਪਣੇ ਅਨਾਜ ਲਈ ਮੰਡੀ ਨਹੀਂ ਲੱਭ ਸਕਦੇ ਸਨ" (I, 250)।

"ਬਦੇਸ਼ੀ ਅਨਾਜ ਲਈ ਮੰਡੀ ਦੇ ਬੂਹੇ ਖੁੱਲ੍ਹਣ ਨਾਲ ਅੰਗਰੇਜ਼ ਭੂਮੀਪਤੀ ਯਕੀਨਨ ਬਰਬਾਦ ਹੋ ਜਾਣਗੇ ਅਤੇ ਸਾਰਾ ਲਗਾਨ ਘਟਕੇ ਇੰਤਹਾਈ ਨੀਵੀਂ ਕੀਮਤ ਤੇ ਚਲਾ ਜਾਏਗਾ। ਇਹ, ਨਿਰਸੰਦੇਹ, ਇਕ ਵੱਡੀ ਬਿਪਤਾ ਹੈ, ਪਰ ਇਹ ਬੇਇਨਸਾਫੀ ਨਹੀਂ ਹੈ।" (I, 254)। ਅਤੇ ਸਿਸਮਾਂਦੀ ਅਤਿ ਸਿੱਧੜ ਢੰਗ ਨਾਲ ਇਹ ਦਲੀਲ ਦੇਣ ਵਲ ਵਧਦਾ ਹੈ ਕਿ ਭੂਮੀਪਤੀਆਂ ਦੀ ਆਮਦਨ ਉਸ ਸੇਵਾ (ਇਸ ਪ੍ਰਕਾਰ!!) ਦੇ ਸਮਾਨ ਹੋਣੀ ਚਾਹੀਦੀ ਹੈ ਜਿਹੜੀ ਉਹ "ਸਮਾਜ" (ਪੂੰਜੀਵਾਦੀ?) ਦੀ ਕਰਦੇ ਹਨ, ਆਦਿ। "ਕਿਸਾਨ," ਸਿਸਮਾਂਦੀ ਅੱਗੇ ਕਹਿੰਦਾ ਹੈ, "ਜ਼ਰਾਇਤ ਵਿਚੋਂ ਆਪਣੀ ਪੂੰਜੀ, ਜਾਂ ਘੱਟੋ ਘੱਟ ਇਸ ਦਾ ਇੱਕ ਭਾਗ, ਬਾਹਰ ਕੱਢ ਲੈਣਗੇ।"

ਸਿਸਮਾਂਦੀ ਦੀ ਇਹ ਦਲੀਲ (ਅਤੇ ਉਹ ਆਪਣੇ ਆਪ ਨੂੰ ਇਸ ਦਲੀਲ ਨਾਲ ਸੰਤੁਸ਼ਟ ਕਰ ਲੈਂਦਾ ਹੈ) ਰੋਮਾਂਚਵਾਦ ਦੇ ਮੁੱਖ ਦੋਸ਼ ਨੂੰ ਪ੍ਰਗਟ ਕਰਦੀ ਹੈ, ਜਿਹੜਾ ਆਰਥਕ ਵਿਕਾਸ ਦੀ ਪ੍ਰਕਿਰਿਆ ਵੱਲ, ਜੋ ਅਸਲ ਵਿਚ ਵਾਪਰ ਰਹੀ ਹੈ, ਚੋਖਾ ਧਿਆਨ ਨਹੀਂ ਦੇਂਦਾ। ਅਸੀਂ ਦੇਖ ਚੁੱਕੇ ਹਾਂ ਕਿ ਸਿਸਮਾਂਦੀ ਆਪ ਹੀ ਇੰਗਲੈਂਡ ਵਿਚ ਪੂੰਜੀਵਾਦੀ ਖੇਤੀ ਦੇ ਸਿਲਸਿਲੇਵਾਰ ਵਿਕਾਸ ਅਤੇ ਵਾਧੇ ਵਲ ਧਿਆਨ ਦੁਆਉਂਦਾ ਹੈ। ਪਰ ਉਹ ਇਸ ਦੇ ਕਾਰਨਾਂ ਦਾ ਅਧਿਐਨ ਕਰਨ ਦੀ ਥਾਂ ਇਸ ਪ੍ਰਕਿਰਿਆ ਦੀ ਨਿਖੇਧੀ ਕਰਨ ਦੀ ਕਾਹਲ ਕਰਦਾ ਹੈ। ਕੇਵਲ ਇਹ ਕਾਹਲ ਹੀ, ਇਤਿਹਾਸ ਉੱਤੇ ਆਪਣੀਆਂ ਭੋਲੀਆਂ ਇੱਛਾਵਾਂ ਠੋਸਣ ਦੀ ਉਸ ਦੀ ਇਹ ਇੱਛਾ ਹੀ, ਇਸ ਹਕੀਕਤ ਦਾ ਕਾਰਨ ਹੋ ਸਕਦੀ ਹੈ ਕਿ ਸਿਸਮਾਂਦੀ ਜ਼ਰਾਇਤ ਵਿਚ ਪੂੰਜੀਵਾਦੀ ਵਿਕਾਸ ਦੀ ਵਿਆਪਕ ਪ੍ਰਵਿਰਤੀ ਨੂੰ ਅਤੇ ਅਨਾਜ ਕਾਨੂੰਨ ਦੀ ਮਨਸੂਖੀ ਨਾਲ ਇਸ ਪ੍ਰਕਿਰਿਆ ਦੀ ਤੇਜ਼ ਗਤੀ ਦੀ ਅਟੱਲਤਾ ਨੂੰ ਅਰਥਾਤ, ਜ਼ਰਾਇਤ ਦੀ ਪੂੰਜੀਵਾਦੀ ਪ੍ਰਗਤੀ ਨੂੰ, ਇਸ ਦੀ ਅਧੋਗਤੀ ਦੀ ਥਾਂ, ਜਿਸ ਦੀ ਸਿਸਮਾਂਦੀ ਭਵਿੱਖ ਬਾਣੀ ਕਰਦਾ ਹੈ, ਅੱਖੋਂ ਓਹਲੇ ਕਰ ਦੇਂਦਾ ਹੈ।

ਪਰ ਸਿਸਮਾਂਦੀ ਆਪਣੇ ਆਪ 'ਚ ਸੱਚਾ ਰਹਿੰਦਾ ਹੈ। ਉਹ ਪੂੰਜੀਵਾਦੀ ਪ੍ਰਕਿਰਿਆ ਵਿਚ ਮੁੱਢੋਂ ਮੌਜੂਦ ਅੰਤਰ-ਵਿਰੋਧ ਤਕ ਪਹੁੰਚਿਆ ਹੀ ਸੀ ਕਿ ਉਹ ਤੁਰੰਤ ਹੀ ਹਰ ਕੀਮਤ ਉੱਤੇ ਇਹ ਸਿੱਧ ਕਰਨ ਲਈ ਆਪਣੇ ਜਤਨ ਵਿਚ ਕਿ "ਅੰਗਰੇਜ਼ ਮਾਤਭੂਮੀ" ਵੱਲੋਂ

ਆਪਣਾਇਆ ਗਿਆ ਰਾਹ ਗ਼ਲਤ ਹੈ, ਸਿੱਧੜਾਂ ਵਾਂਗ ਇਸ ਦਾ "ਖੰਡਨ ਕਰਨ" ਲੱਗ ਪਿਆ।

"ਦਿਹਾੜੀਦਾਰ ਮਜ਼ਦੂਰ ਕੀ ਕਰੇਗਾ?... ਕੰਮ ਬੰਦ ਹੋ ਜਾਏਗਾ, ਖੇਤ ਚਰਾਂਦਾਂ ਦਾ ਰੂਪ ਧਾਰ ਲੈਣਗੇ.... 5,40,000 ਪਰਿਵਾਰ, ਜਿਨ੍ਹਾਂ ਨੂੰ ਕੰਮ ਤੋਂ ਜਵਾਬ ਮਿਲ ਜਾਏਗਾ, ਕੀ ਕਰਨਗੇ?[1] ਇਹ ਫਰਜ਼ ਕਰਕੇ ਵੀ ਕਿ ਉਹ ਕਿਸੇ ਵੀ ਕਿਸਮ ਦੇ ਸਨਅਤੀ ਕੰਮ ਦੇ ਯੋਗ ਹੋਣਗੇ, ਕੀ ਇਸ ਵੇਲੇ ਕੋਈ ਸਨਅਤ ਹੈ ਜਿਹੜੀ ਉਹਨਾਂ ਨੂੰ ਖਪਾ ਲੈਣ ਦੇ ਸਮਰਥ ਹੋਵੇ?... ਕੋਈ ਐਸੀ ਸਰਕਾਰ ਲੱਭ ਸਕਦੀ ਹੈ ਜਿਹੜੀ ਅੱਧੀ ਕੌਮ ਨੂੰ, ਜਿਸ 'ਤੇ ਉਹ ਰਾਜ ਕਰਦੀ ਹੈ, ਮਨਮਰਜ਼ੀ ਨਾਲ ਅਜਿਹੇ ਸੰਕਟ ਵਿਚ ਪਾਵੇਗੀ?.... ਕੀ ਉਹਨਾਂ ਨੂੰ, ਜਿਨ੍ਹਾਂ ਉੱਤੋਂ ਕਾਸ਼ਤਕਾਰ ਇੱਕ ਪ੍ਰਕਾਰ ਕੁਰਬਾਨ ਕੀਤੇ ਜਾਣਗੇ ਕੁਝ ਹੱਦ ਤੱਕ ਇਸ ਤੋਂ ਲਾਭ ਹੋਵੇਗਾ? ਆਖਰਕਾਰ, ਇਹ ਕਾਸ਼ਤਕਾਰ ਅੰਗ੍ਰੇਜ਼ ਕਾਰਖਾਨੇਦਾਰਾਂ ਦੇ ਸਭ ਤੋਂ ਨੇੜੇ ਦੇ ਅਤੇ ਸਭ ਤੋਂ ਵਧ ਭਰੋਸੇਯੋਗ ਖਪਤਕਾਰ ਹਨ। ਉਹਨਾਂ ਵਲੋਂ ਖਪਤ ਬੰਦ ਹੋ ਜਾਣ ਨਾਲ ਸਨਅਤ ਨੂੰ ਜਿਹੜੀ ਸੱਟ ਲਗੇਗੀ ਉਹ ਇਕ ਸਭ ਤੋਂ ਵੱਡੀ ਬਦੇਸ਼ੀ ਮੰਡੀ ਬੰਦ ਕਰ ਦੇਣ ਨਾਲੋਂ ਵਧੇਰੇ ਘਾਤਕ ਹੋਵੇਗੀ" (255-56)। ਬਦਨਾਮ "ਘਰੇਲੂ ਮੰਡੀ ਦਾ ਸੌੜਾ ਹੋਣਾ"—ਖੇਤਰ ਵਿਚ ਪ੍ਰਵੇਸ਼ ਕਰਦਾ ਹੈ। "ਅੰਗ੍ਰੇਜ਼ ਕਾਸ਼ਤਕਾਰਾਂ ਦੀ ਪੂਰੀ ਜਮਾਤ, ਜੋ ਲਗਭਗ ਕੌਮ ਦਾ ਅੱਧ ਹੈ, ਵਲੋਂ ਖਪਤ ਬੰਦ ਹੋ ਜਾਣ ਨਾਲ ਕਾਰਖਾਨਿਆਂ ਨੂੰ ਕਿੰਨਾ ਨੁਕਸਾਨ ਹੋਵੇਗਾ? ਧਨੀ ਲੋਕਾਂ ਵਲੋਂ, ਜਿਨ੍ਹਾਂ ਦੀਆਂ ਜ਼ਰਾਇਤ ਤੋਂ ਆਮਦਨਾਂ ਤੇ ਲਗਭਗ ਹੂੰਝਾ ਫਿਰ ਜਾਏਗਾ, ਖਪਤ ਬੰਦ ਹੋ ਜਾਣ ਨਾਲ ਕਾਰਖਾਨਿਆਂ ਨੂੰ ਕਿੰਨਾ ਨੁਕਸਾਨ ਹੋਵੇਗਾ?" (267)। ਰੋਮਾਂਚਵਾਦੀ ਕਾਰਖਾਨੇਦਾਰਾਂ ਅੱਗੇ ਇਹ ਸਿੱਧ ਕਰਨ ਲਈ ਧਰਤ ਅਸਮਾਨ ਦੇ ਕਲਾਵੇ ਮੇਲ ਦੇਂਦਾ ਹੈ ਕਿ ਉਹਨਾਂ ਦੀ ਸਨਅਤ, ਅਤੇ ਉਹਨਾਂ ਦੀ ਦੌਲਤ ਦੇ ਵਿਕਾਸ ਵਿਚ ਮੁੱਢੋਂ ਮੌਜੂਦ ਅੰਤਰ-ਵਿਰੋਧ ਕੇਵਲ ਉਹਨਾਂ ਦੀ ਗ਼ਲਤੀ, ਉਹਨਾਂ ਦੀ ਨੇੜ-ਦ੍ਰਿਸ਼ਟੀ ਨੂੰ ਹੀ ਪ੍ਰਗਟ ਕਰਦੇ ਹਨ। ਕਾਰਖਾਨੇਦਾਰਾਂ ਨੂੰ ਪੂੰਜੀਵਾਦ ਦੇ "ਖਤਰੇ" ਬਾਰੇ "ਕਾਇਲ ਕਰਨ" ਲਈ, ਸਿਸਮਾਂਦੀ ਪੋਲਿਸਤਾਨੀ ਤੇ ਰੂਸੀ ਅਨਾਜ ਦੇ ਡਰਾ ਰਹੇ ਮੁਕਾਬਲੇ ਦਾ ਵਿਸਥਾਰ ਦੇਂਦਾ ਹੈ (ਪੰਨਾ 257-61)। ਉਹ ਹਰ ਸੰਭਵ ਦਲੀਲ ਦਾ ਸਹਾਰਾ ਲੈਂਦਾ ਹੈ; ਉਹ ਤਾਂ ਅੰਗ੍ਰੇਜ਼ ਦੇ ਗੌਰਵ ਨੂੰ ਵੀ ਟੁੰਬਣਾ ਚਾਹੁੰਦਾ ਹੈ। "ਇੰਗਲੈਂਡ ਦੇ ਸਨਮਾਨ ਦਾ ਕੀ ਬਣੇਗਾ, ਜੇ ਰੂਸ ਦਾ ਸ਼ਹਿਨਸ਼ਾਹ, ਜਦੋਂ ਵੀ ਉਸ ਦੀ ਇੱਛਾ ਹੋਵੇ, ਇੰਗਲੈਂਡ ਕੋਲੋਂ ਕੋਈ ਨਾ ਕੋਈ ਰਿਆਇਤ ਹਾਸਿਲ ਕਰਨ ਲਈ, ਬਾਲਟਿਕ ਬੰਦਰਗਾਹਾਂ ਨੂੰ ਬੰਦ ਕਰਕੇ ਉਸ ਨੂੰ ਭੁੱਖਿਆਂ ਮਾਰਨ ਦੀ ਸਥਿਤੀ ਵਿਚ ਹੋ ਜਾਂਦਾ ਹੈ?" (268)। ਪਾਠਕ ਨੂੰ ਯਾਦ ਹੋਵੇਗਾ ਕਿਵੇਂ ਸਿਸਮਾਂਦੀ ਨੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ "ਮੁਦਰਾ ਸ਼ਕਤੀ ਦੇ ਹਮਾਇਤੀ" ਗ਼ਲਤ ਸਨ, ਇਹ ਉਜ਼ਰ ਕਰਕੇ ਕਿ ਵਿਕਰੀ ਕਰਦਿਆਂ ਠੱਗੀ ਕਰਨਾ ਬਿਲਕੁਲ ਸੌਖਾ ਸੀ....। ਸਿਸਮਾਂਦੀ ਪੂੰਜੀਵਾਦੀ ਖੇਤੀ ਦੇ ਸਿਧਾਂਤਕ ਵਿਆਖਿਆਕਾਰਾਂ ਦਾ ਇਹ ਦਲੀਲ ਦੇ ਕੇ "ਖੰਡਨ" ਕਰਨਾ ਚਾਹੁੰਦਾ ਹੈ, ਕਿ ਅਮੀਰ ਕਿਸਾਨ ਬਦਨਸੀਬ ਕਿਸਾਨਾਂ (ਉੱਪਰ ਕਥਿਤ) ਦੇ ਮੁਕਾਬਲੇ ਅੱਗੇ ਠਹਿਰ ਨਹੀਂ ਸਕਦੇ, ਅਤੇ ਅਖੀਰ ਵਿਚ ਆਪਣੇ ਮਨਪਸੰਦ ਨਿਰਣੇ ਤੇ ਪਹੁੰਚਦਾ ਹੈ, ਪ੍ਰਤੱਖ ਤੌਰ 'ਤੇ ਇਸ ਗੱਲ ਤੋਂ ਕਾਇਲ ਕਿ ਉਸ ਨੇ ਇਹ ਸਿਧ ਕਰ ਦਿੱਤਾ ਹੈ ਕਿ "ਅੰਗ੍ਰੇਜ਼ ਮਾਤਭੂਮੀ" ਵੱਲੋਂ ਅਪਣਾਇਆ ਗਿਆ ਮਾਰਗ ਇੱਕ "ਗ਼ਲਤ

ਮਾਰਗ" ਹੈ। "ਇੰਗਲੈਂਡ ਦੀ ਉਦਾਹਰਣ ਸਾਨੂੰ ਦਰਸਾਉਂਦੀ ਹੈ ਕਿ ਇਹ ਪ੍ਰਥਾ" (ਮੁਦਰਾ ਆਰਥਕਤਾ ਦਾ ਵਿਕਾਸ , ਜਿਸ ਨਾਲ ਸਿਸਮਾਂਦੀ,"ਆਪਣੇ ਆਪ ਲਈ ਮੁਹੱਈਆ ਕਰਨ ਦੀ ਆਦਤ" ਦੀ ਤੁਲਨਾ ਕਰਦਾ ਹੈ) "ਆਪਣੇ ਖਤਰਿਆਂ ਤੋਂ ਸੱਖਣੀ ਨਹੀਂ" (263)। "ਆਰਥਕਤਾ ਦੀ ਮੂਲ ਪ੍ਰਣਾਲੀ ਹੀ (ਅਰਥਾਤ, ਪੂੰਜੀਵਾਦੀ ਖੇਤੀ) ਮਾੜੀ ਹੈ, ਖਤਰਨਾਕ ਬੁਨਿਆਦ ਉੱਤੇ ਟਿਕੀ ਹੋਈ ਹੈ, ਅਤੇ ਇਹੋ ਚੀਜ਼ ਹੈ ਜਿਸ ਨੂੰ ਬਦਲਣ ਲਈ ਕੋਸ਼ਿਸ਼ ਚਾਹੀਦੀ ਹੈ" (366)।

ਆਰਥਕਤਾ ਦੀ ਇੱਕ ਨਿਸ਼ਚਿਤ ਪ੍ਰਣਾਲੀ ਵਿਚ ਨਿਸ਼ਚਿਤ ਹਿਤਾਂ ਦੀ ਟੱਕਰ ਨਾਲ ਉੱਭਰੀ ਨਿੱਗਰ ਸਮੱਸਿਆ, ਇਸ ਪ੍ਰਕਾਰ ਭੋਲੀਆਂ ਕਾਮਨਾਵਾਂ ਦੇ ਹੜ੍ਹ ਵਿਚ ਡੁੱਬ ਜਾਂਦੀ ਹੈ। ਪਰ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੇ ਇਹ ਮਸਲਾ ਏਨੇ ਤਿੱਖੇ ਰੂਪ ਵਿਚ ਉਠਾਇਆ ਸੀ ਕਿ ਆਪਣੇ ਆਪ ਨੂੰ ਅਜਿਹੇ "ਹੱਲ" (ਜਿਵੇਂ ਰੋਮਾਂਚਵਾਦ ਦੂਜੀਆਂ ਸਾਰੀਆਂ ਸਮੱਸਿਆਵਾਂ ਬਾਰੇ ਕਰਦਾ ਹੈ) ਤੱਕ ਸੀਮਤ ਰਖਣਾ ਉੱਕਾ ਹੀ ਅਸੰਭਵ ਹੋ ਗਿਆ।

"ਪਰ ਕੀ ਕੀਤਾ ਜਾਏ?" ਸਿਸਮਾਂਦੀ ਨਿਰਾਸ਼ ਹੋਇਆ ਪੁੱਛਦਾ ਹੈ। "ਇੰਗਲੈਂਡ ਦੀਆਂ ਬੰਦਰਗਾਹਾਂ ਦੇ ਦਰ ਖੋਹਲੇ ਜਾਣ ਜਾਂ ਉਨ੍ਹਾਂ ਨੂੰ ਬੰਦ ਰੱਖਿਆ ਜਾਵੇ? ਇੰਗਲੈਂਡ ਦੇ ਕਾਰਖਾਨਿਆਂ ਦੇ ਜਾਂ ਪਿੰਡਾਂ ਦੇ ਮਜ਼ਦੂਰਾਂ ਨੂੰ ਭੁੱਖਮਰੀ ਅਤੇ ਮੌਤ ਦੇ ਮੂੰਹ ਧੱਕਿਆ ਜਾਏ? ਇਹ ਸੱਚਮੁੱਚ ਇੱਕ ਡਰਾਉਣਾ ਸਵਾਲ ਹੈ; ਇੰਗਲੈਂਡ ਦਾ ਮੰਤਰੀ-ਮੰਡਲ ਜਿਸ ਸਥਿਤੀ ਵਿਚ ਆਪਣੇ ਆਪ ਨੂੰ ਦੇਖਦਾ ਹੈ, ਉਹ ਸ਼ਾਇਦ ਇੱਕ ਅਤਿਅੰਤ ਨਾਜ਼ਕ ਸਥਿਤੀ ਹੈ, ਜਿਹੜੀ ਰਾਜਨੇਤਾਵਾਂ ਦੇ ਸਾਮ੍ਹਣੇ ਆ ਸਕਦੀ ਹੈ" (260)। ਸਿਸਮਾਂਦੀ ਮੁੜ ਮੁੜ "ਵਿਆਪਕ ਨਿਰਣੇ" ਵੱਲ ਪਰਤਦਾ ਹੈ ਕਿ ਪੂੰਜੀਵਾਦੀ ਖੇਤੀ ਦੀ ਪ੍ਰਣਾਲੀ "ਖਤਰਨਾਕ" ਹੈ, ਕਿ "ਸਮੁੱਚੀ ਜ਼ਰਾਇਤ ਨੂੰ ਸੱਟੇਬਾਜ਼ੀ ਦੀ ਪ੍ਰਣਾਲੀ ਦੇ ਅਧੀਨ ਕਰ ਦੇਣਾ ਖਤਰਨਾਕ" ਹੈ। ਪਰ "ਇਹ ਕਿਵੇਂ ਸੰਭਵ ਹੈ ਕਿ ਇੰਗਲੈਂਡ ਵਿਚ ਕਾਰਗਰ ਪਰ ਇਸ ਦੇ ਨਾਲ ਹੀ ਸਿਲਸਲੇਵਾਰ ਅਜਿਹੇ ਕਦਮ ਚੁੱਕੇ ਜਾਣ ਜਿਨ੍ਹਾਂ ਨਾਲ ਛੋਟੇ ਕਿਸਾਨਾਂ ਦੀ ਅਹਿਮੀਅਤ ਓਦੋਂ ਵਧ ਜਾਏ ਜਦੋਂ ਕਾਰਖ਼ਾਨਿਆਂ ਵਿਚ ਕੰਮ ਕਰਦੀ ਅੱਧੀ ਕੌਮ ਭੁੱਖ ਤੋਂ ਪੀੜਤ ਹੈ ਅਤੇ ਜਿਹੜੇ ਕਦਮਾਂ ਦੀ ਉਹ ਮੰਗ ਕਰਦੀ ਹੈ, ਉਹ ਜ਼ਰਾਇਤ ਵਿਚ ਰੁੱਝੇ ਕੌਮ ਦੇ ਦੂਸਰੇ ਹਿੱਸੇ ਨੂੰ ਭੁੱਖਮਰੀ ਦੇ ਮੂੰਹ ਵਿਚ ਸੁੱਟਦੇ ਹਨ-- ਮੈਨੂੰ ਇਹ ਪਤਾ ਨਹੀਂ । ਮੈਂ ਸਮਝਦਾ ਹਾਂ ਕਿ ਅਨਾਜ ਕਾਨੂੰਨਾਂ ਵਿਚ ਚੋਖੀਆਂ ਅਦਲਾ-ਬਦਲੀਆਂ ਹੋਣੀਆਂ ਚਾਹੀਦੀਆਂ ਹਨ; ਪਰ ਇਹਨਾਂ ਦੀ ਮੁਕੰਮਲ ਮਨਸੂਖੀ ਦੀ ਮੰਗ ਕਰਨ ਵਾਲਿਆਂ ਨੂੰ ਮੈਂ ਸਲਾਹ ਦਿਆਂਗਾ ਕਿ ਉਹ ਹੇਠ ਲਿਖੀਆਂ ਸਮੱਸਿਆਵਾਂ ਦਾ ਧਿਆਨ ਨਾਲ ਅਧਿਐਨ ਕਰਨ"(267)—ਇਸ ਮਗਰੋਂ ਜ਼ਰਾਇਤ ਦੀ ਅਧੋਗਤੀ, ਘਰੇਲੂ ਮੰਡੀ ਦੇ ਸੌੜੇ ਹੋਣ, ਆਦਿ , ਬਾਰੇ ਪੁਰਾਣੀਆਂ ਸ਼ਿਕਾਇਤਾਂ ਅਤੇ ਡਰ-ਸ਼ੰਕਿਆਂ ਦਾ ਜ਼ਿਕਰ ਆਉਂਦਾ ਹੈ।

ਇਸ ਪ੍ਰਕਾਰ ਯਥਾਰਥ ਨਾਲ ਆਪਣੇ ਪਹਿਲੇ ਸੰਪਰਕ ਵਿਚ ਹੀ, ਰੋਮਾਂਚਵਾਦ ਬੁਰੀ ਤਰ੍ਹਾਂ ਅਸਫਲਤਾ ਦਾ ਸ਼ਿਕਾਰ ਹੋਇਆ। ਇਹ ਮਜਬੂਰ ਸੀ ਕਿ ਆਪਣੇ-ਆਪ ਲਈ ਕੰਗਾਲੀ ਦਾ ਪ੍ਰਮਾਣ-ਪੱਤਰ ਜਾਰੀ ਕਰੇ ਅਤੇ ਆਪ ਹੀ ਇਸ ਦੀ ਵਸੂਲੀ ਦੀ ਪ੍ਰਵਾਨਗੀ ਦੇਵੇ। ਯਾਦ ਕਰੋ ਕਿੰਨੇ ਸੌਖੇ ਤੇ ਸਰਲ ਢੰਗ ਨਾਲ ਰੋਮਾਂਚਵਾਦ ਨੇ "ਸਿਧਾਂਤ" ਦੀਆਂ ਸਾਰੀਆਂ

ਸਮੱਸਿਆਵਾਂ "ਹੱਲ ਕੀਤੀਆਂ"। ਸੁਰੱਖਿਆ ਬੇਸਮਝੀ ਹੈ, ਪੂੰਜੀਵਾਦ ਇੱਕ ਮਾਰੂ ਵੱਡੀ ਗਲਤੀ ਹੈ, ਇੰਗਲੈਂਡ ਨੇ ਜੋ ਮਾਰਗ ਅਖਤਿਆਰ ਕੀਤਾ ਹੈ ਉਹ ਗਲਤ ਅਤੇ ਖਤਰਨਾਕ ਹੈ, ਉਤਪਾਦਨ ਨੂੰ ਖਪਤ ਨਾਲ ਕਦਮ ਮੇਲ ਕੇ ਚੱਲਣਾ ਚਾਹੀਦਾ ਹੈ, ਅਤੇ ਸਨਅਤ ਅਤੇ ਵਣਜ ਨੂੰ ਜ਼ਰਾਇਤ ਨਾਲ ਕਦਮ ਮੇਲ ਕੇ ਚੱਲਣਾ ਚਾਹੀਦਾ ਹੈ। ਮਸ਼ੀਨਾਂ ਕੇਵਲ ਓਦੋਂ ਹੀ ਲਾਭਦਾਇਕ ਹਨ ਜਦੋਂ ਉਹਨਾਂ ਦੇ ਸਿੱਟੇ ਵਜੋਂ ਉਜਰਤਾਂ ਵਿਚ ਵਾਧਾ ਹੁੰਦਾ ਹੈ, ਜਾਂ ਕੰਮ ਦਿਹਾੜੀ ਛੋਟੀ ਹੁੰਦੀ ਹੈ, ਉਤਪਾਦਨ ਦੇ ਸਾਧਨਾਂ ਨੂੰ ਉਤਪਾਦਕ ਨਾਲੋਂ ਵਿਜੋਗਿਆ ਨਹੀਂ ਜਾਣਾ ਚਾਹੀਦਾ, ਵਟਾਂਦਰੇ ਨੂੰ ਉਤਪਾਦਨ ਤੋਂ ਅੱਗੇ ਨਹੀਂ ਦੌੜਨਾ ਚਾਹੀਦਾ, ਸੱਟੇਬਾਜ਼ੀ ਵੱਲ ਨਹੀਂ ਲਿਜਾਣਾ ਚਾਹੀਦਾ, ਆਦਿ। ਰੋਮਾਂਚਵਾਦ ਨੇ ਹਰ ਅੰਤਰ-ਵਿਰੋਧ ਦਾ ਮੁਕਾਬਲਾ ਇਕ ਢੁਕਵੇਂ ਉਪਭਾਵਕ ਵਾਕੰਸ਼ ਨਾਲ ਕੀਤਾ ਹਰ ਸਵਾਲ ਦਾ ਜਵਾਬ ਇੱਕ ਉਚਿਤ ਭੋਲੀ ਕਾਮਨਾ ਨਾਲ ਦਿੱਤਾ, ਅਤੇ ਵਰਤਮਾਨ ਜੀਵਨ ਦੇ ਸਭਨਾਂ ਤੱਥਾਂ ਉਤੇ ਇਹ ਲੇਬਲ ਥੱਪਣ ਨੂੰ ਸਮਸਿਆਵਾਂ ਦਾ "ਹੱਲ" ਆਖਿਆ। ਇਸ ਵਿਚ ਹੈਰਾਨੀ ਦੀ ਗੱਲ ਨਹੀਂ ਕਿ ਇਹ ਹੱਲ ਏਨੇ ਮਨਮੋਹਕ ਢੰਗ ਨਾਲ ਸਰਲ ਤੇ ਸੌਖੇ ਸਨ: ਉਹ ਕੇਵਲ ਇੱਕੋ ਨਿਗੂਣੀ ਅਵਸਥਾ ਨੂੰ ਅੱਖੋਂ ਓਹਲੇ ਕਰਦੇ ਸਨ– ਅਸਲ ਹਿੱਤਾਂ ਨੂੰ, ਜਿਨ੍ਹਾਂ ਦੀ ਟੱਕਰ ਅੰਤਰ-ਵਿਰੋਧ ਬਣਦੀ ਸੀ। ਜਦੋਂ ਇਸ ਅੰਤਰ-ਵਿਰੋਧ ਦਾ ਵਿਕਾਸ ਰੋਮਾਂਚਵਾਦੀ ਨੂੰ ਇਨ੍ਹਾਂ ਵਿਚੋਂ ਇਕ ਖਾਸ ਕਰਕੇ ਜ਼ੋਰਦਾਰ ਟੱਕਰ ਦੇ ਰੂਬਰੂ ਲੈ ਆਇਆ, ਜਿਵੇਂ ਕਿ ਇੰਗਲੈਂਡ ਵਿਚ ਧਿਰਾਂ ਵਿਚਕਾਰ ਉਹ ਸੰਗਰਾਮ ਸੀ, ਜਿਹੜਾ ਅਨਾਜ ਕਾਨੂੰਨਾਂ ਦੀ ਮਨਸੂਖ਼ੀ ਤੋਂ ਪਹਿਲਾਂ ਹੋਇਆ ਸੀ, ਤਾਂ ਸਾਡਾ ਰੁਮਾਂਚਵਾਦੀ ਉੱਕਾ ਹੀ ਭੜਕ ਉਠਿਆ। ਸੁਪਨਿਆਂ ਤੇ ਸ਼ੁਭ ਕਾਮਨਾਵਾਂ ਦੀ ਧੁੰਦ ਵਿਚ ਉਹ ਪੂਰਨ ਭਾਂਤ ਸੌਖ ਮਹਿਸੂਸ ਕਰਦਾ ਸੀ, ਉਸ ਨੇ ਏਨੀ ਕਾਰੀਗਰੀ ਨਾਲ ਨੀਤੀ-ਬਚਨਾਂ ਦੀ ਰਚਨਾ ਕੀਤੀ ਜਿਹੜੇ ਵਿਆਪਕ ਰੂਪ ਵਿਚ "ਸਮਾਜ" ਉਤੇ ਲਾਗੂ ਹੁੰਦੇ ਸਨ (ਪਰ ਸਮਾਜ ਦੇ ਕਿਸੇ ਇਤਿਹਾਸਕ ਤੌਰ 'ਤੇ ਨਿਸ਼ਚਿਤ ਪ੍ਰਬੰਧ ਉੱਤੇ ਲਾਗੂ ਨਹੀਂ ਹੁੰਦੇ ਸਨ); ਪਰ ਜਦੋਂ ਉਹ ਆਪਣੇ ਕਲਪਨਾ ਜਗਤ ਵਿਚੋਂ ਅਸਲ ਜੀਵਨ ਦੇ ਅਤੇ ਹਿੱਤਾਂ ਦੀ ਟੱਕਰ ਦੇ ਘੁੰਮਣਘੇਰ ਵਿਚ ਡਿੱਗ ਪਿਆ, ਤਾਂ ਉਹਦੇ ਕੋਲ ਇਸ ਗੱਲ ਦਾ ਕੋਈ ਮਾਪ-ਦੰਡ ਵੀ ਨਹੀਂ ਕਿ ਨਿਗਰ ਸਮਸਿਆਵਾਂ ਹੱਲ ਕਿਵੇਂ ਕੀਤੀਆਂ ਜਾਂਦੀਆਂ ਹਨ। ਅਮੂਰਤ ਪ੍ਰਸਤਾਵ ਪੇਸ਼ ਕਰਨ ਅਤੇ ਅਮੂਰਤ ਹੱਲਾਂ ਤੱਕ ਪਹੁੰਚ ਦੀ ਆਦਤ ਨੇ ਸਮੱਸਿਆ ਨੂੰ ਨਿਪਟ ਇਸ ਸੂਤਰ ਤਕ ਸੰਕੁਚਿਤ ਕਰ ਦਿੱਤਾ: ਵਸੋਂ ਦਾ ਕਿਹੜਾ ਹਿੱਸਾ ਬਰਬਾਦ ਹੋਣਾ ਚਾਹੀਦਾ ਹੈ– ਜ਼ਰਾਇਤੀ ਜਾਂ ਮਾਲ ਤਿਆਰ ਕਰਨ ਵਾਲਾ? ਨਿਰਸੰਦੇਹ, ਰੋਮਾਂਚਵਾਦੀ ਇਹੋ ਹੀ ਨਿਰਣਾ ਕਰ ਸਕਦਾ ਸੀ ਕਿ ਕੋਈ ਵੀ ਹਿੱਸਾ ਬਰਬਾਦ ਨਹੀਂ ਹੋਣਾ ਚਾਹੀਦਾ, ਕਿ ਇਸ "ਮਾਰਗ ਤੋਂ ਮੁੜਨਾ" ਜ਼ਰੂਰੀ ਸੀ.... ਪਰ ਅਸਲ ਅੰਤਰ-ਵਿਰੋਧਾਂ ਨੇ ਉਸ ਨੂੰ ਏਨੀ ਮਜ਼ਬੂਤੀ ਨਾਲ ਜਕੜਿਆ ਹੋਇਆ ਸੀ ਕਿ ਉਹ ਇੱਕ ਵਾਰ ਫੇਰ ਸ਼ੁਭ-ਕਾਮਨਾਵਾਂ ਦੀ ਧੁੰਦ ਵਿਚੋਂ ਉੱਚਾ ਉੱਠਣ ਦੇ ਅਸਮਰਥ ਸੀ ਅਤੇ ਰੋਮਾਂਚਵਾਦੀ ਇੱਕ ਜਵਾਬ ਦੇਣ ਲਈ ਮਜਬੂਰ ਸੀ। ਸਿਸਮਾਂਦੀ ਨੇ ਤਾਂ ਦੋ ਜਵਾਬ ਦਿੱਤੇ ਸਨ : ਪਹਿਲਾ– "ਮੈਨੂੰ ਪਤਾ ਨਹੀਂ", ਦੂਜਾ– "ਇੱਕ ਪਾਸੇ, ਇਸ ਨੂੰ ਪ੍ਰਵਾਨ ਹੀ ਕੀਤਾ ਜਾ ਸਕਦਾ ਹੈ; ਦੂਜੇ ਪਾਸੇ, ਇਸ ਨੂੰ ਸਵੀਕਾਰ ਕਰਨਾ ਜ਼ਰੂਰੀ ਹੈ।"[1]

9 ਜਨਵਰੀ, 1848 ਨੂੰ ਕਾਰਲ ਮਾਰਕਸ ਨੇ ਬਰਸੱਲਜ਼ ਵਿਖੇ ਇੱਕ ਜਲਸੇ ਵਿਚ

" ਆਜ਼ਾਦ ਵਪਾਰ ਬਾਰੇ ਭਾਸ਼ਨ" ਦਿੱਤਾ ਸੀ'। ਰੋਮਾਂਚਵਾਦੀਆਂ ਦੇ ਉਲਟ, ਜਿਨ੍ਹਾਂ ਨੇ ਐਲਾਨ ਕੀਤਾ ਸੀ ਕਿ "ਰਾਜਨੀਤਕ ਆਰਥਕਤਾ ਗਿਣਤੀ ਮਿਣਤੀ ਦਾ ਵਿਗਿਆਨ ਨਹੀਂ , ਸਗੋਂ ਸਦਾਚਾਰ ਦਾ ਵਿਗਿਆਨ ਹੈ," ਉਸ ਨੇ ਠੀਕ ਹਿੱਤਾਂ ਦੀ ਸਪਸ਼ਟ ਅਤੇ ਗੰਭੀਰ ਗਿਣਤੀ- ਮਿਣਤੀ ਨੂੰ ਆਪਣੀ ਵਿਆਖਿਆ ਦਾ ਵਿਦਾ ਬਿੰਦੂ ਬਣਾਇਆ। ਅਨਾਜ ਕਾਨੂੰਨਾਂ ਦੀ ਸਮੱਸਿਆ ਨੂੰ ਇਕ ਕੌਮ ਦੁਆਰਾ ਚੁਣੀ ਇੱਕ "ਪ੍ਣਾਲੀ ਨਾਲ" ਸੰਬੰਧਤ ਜਾਂ ਕਾਨੂੰਨਸਾਜ਼ੀ ਦੀ ਇਕ ਸਮੱਸਿਆ ਸਮਝਣ ਦੀ ਥਾਂ (ਜਿਵੇਂ ਸਿਸਮਾਂਦੀ ਨੇ ਇਸ ਨੂੰ ਦੇਖਿਆ ਸੀ), ਵਕਤਾ ਨੇ ਇਸ ਨੂੰ ਕਾਰਖਾਨੇਦਾਰਾਂ ਅਤੇ ਭੂਮੀਪਤੀਆਂ ਵਿਚਕਾਰ ਹਿਤਾਂ ਦੀ ਇੱਕ ਟੱਕਰ ਦੇ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕੀਤਾ ਅਤੇ ਦਰਸਾਇਆ ਕਿ ਕਿਵੇਂ ਅੰਗ੍ਰੇਜ਼ ਕਾਰਖਾਨੇਦਾਰਾਂ ਨੇ ਇਸ ਮਸਲੇ ਨੂੰ ਸਮੁੱਚੀ ਕੌਮ ਦੇ ਮਾਮਲੇ ਵਜੋਂ ਉਠਾਉਣ ਦਾ ਜਤਨ ਕੀਤਾ ਸੀ, ਮਜ਼ਦੂਰਾਂ ਨੂੰ ਯਕੀਨ ਦੁਆਉਣ ਦਾ ਜਤਨ ਕੀਤਾ ਸੀ ਕਿ ਉਹ ਕੌਮੀ ਭਲਾਈ ਦੇ ਹਿੱਤ ਵਿਚ ਅਮਲ ਕਰ ਰਹੇ ਸਨ। ਰੋਮਾਂਚਵਾਦੀਆਂ ਦੇ ਉਲਟ, ਜਿਨ੍ਹਾਂ ਨੇ ਸਮੱਸਿਆ ਨੂੰ ਅਜਿਹੀਆਂ ਮਸਲਿਹਤਾਂ ਦੇ ਰੂਪ ਵਿਚ ਪੇਸ਼ ਕੀਤਾ ਸੀ ਜਿਹੜੀਆਂ ਵਿਧਾਇਕ ਨੂੰ ਸੁਧਾਰ ਨੇਪਰੇ ਚਾੜਨ ਸਮੇਂ ਧਿਆਨ ਵਿਚ ਰੱਖਣੀਆਂ ਚਾਹੀਦੀਆਂ ਹਨ, ਵਕਤਾ ਨੇ ਸਮੱਸਿਆ ਨੂੰ ਅੰਗ੍ਰੇਜ਼ ਸਮਾਜ ਦੀਆਂ ਵੱਖ-ਵੱਖ ਜਮਾਤਾਂ ਦੇ ਅਸਲ ਹਿੱਤਾਂ ਵਿਚਕਾਰ ਟੱਕਰ ਤੱਕ ਸੰਕੁਚਿਤ ਕਰ ਦਿੱਤਾ ਸੀ। ਉਸ ਨੇ ਦਰਸਾਇਆ ਸੀ ਕਿ ਸਾਰੀ ਸਮੱਸਿਆ ਹੀ ਕਾਰਖਾਨੇਦਾਰਾਂ ਲਈ ਕੱਚੇ ਮਾਲ ਨੂੰ ਸਸਤਾ ਕਰਨ ਦੀ ਲੋੜ ਤੋਂ ਪੈਦਾ ਹੋਈ ਸੀ। ਉਸ ਨੇ ਅੰਗ੍ਰੇਜ਼ ਮਜ਼ਦੂਰਾਂ ਦੀ ਬੇਵਿਸ਼ਵਾਸੀ ਦਾ ਵਰਣਨ ਕੀਤਾ ਜਿਹੜੇ " ਇਹਨਾਂ ਆਤਮ-ਕੁਰਬਾਨੀ ਦੇਣ ਵਾਲੇ ਭੱਦਰਪੁਰਖਾਂ, ਬੋਰਿੰਗ ਬਰਾਈਟ ਅਤੇ ਉਹਨਾਂ ਦੇ ਸਾਥੀਆਂ ਨੂੰ, ਆਪਣੇ ਸਭ ਤੋਂ ਭੈੜੇ ਦੁਸ਼ਮਣ ... ". ਸਮਝਦੇ ਸਨ।

"ਕਾਰਖਾਨੇਦਾਰ ਓੜਕਾਂ ਦੇ ਖਰਚ ਨਾਲ ਵੱਡੇ ਵੱਡੇ ਮਹਲ ਖੜੇ ਕਰਦੇ ਹਨ, ਜਿਨ੍ਹਾਂ ਵਿਚ ਅਨਾਜ-ਕਾਨੂੰਨ-ਵਿਰੋਧੀ ਲੀਗ, ਕੁਝ ਪੱਖਾਂ ਤੋਂ, ਆਪਣਾ ਸਰਕਾਰੀ ਟਿਕਾਣਾ ਬਣਾਉਂਦੀ ਹੈ; ਉਹ ਆਜ਼ਾਦ ਵਪਾਰ ਦੇ ਸਿਧਾਂਤ ਦਾ ਪਰਚਾਰ ਕਰਨ ਲਈ ਇੰਗਲੈਂਡ ਦੇ ਚੱਪੇ-ਚੱਪੇ 'ਤੇ ਆਪਣੇ ਮਿਸ਼ਨਰੀਆਂ ਦੀ ਸੈਨਾ ਭੇਜਦੇ ਹਨ : ਉਹਨਾਂ ਨੇ ਮਜ਼ਦੂਰ ਨੂੰ ਆਪਣੇ ਹਿੱਤਾਂ ਬਾਰੇ ਜਾਗ੍ਰਿਤ ਕਰਨ ਲਈ ਹਜ਼ਾਰਾਂ ਪੈਂਫਲਿਟ ਛਾਪੇ ਅਤੇ ਮੁਫਤ ਵੰਡੇ ਹਨ, ਉਹ ਪ੍ਰੈਸ ਨੂੰ ਆਪਣੇ ਉਦੇਸ਼ ਦਾ ਪੱਖੀ ਬਣਾਉਣ ਲਈ ਓੜਕ ਦੀਆਂ ਰਕਮਾਂ ਖਰਚ ਕਰਦੇ ਹਨ ; ਉਹ ਆਜ਼ਾਦ ਵਪਾਰ ਦੀ ਲਹਿਰ ਚਲਾਉਣ ਲਈ ਇਕ ਵਿਸ਼ਾਲ ਪ੍ਰਬੰਧਕੀ ਪ੍ਣਾਲੀ ਦਾ ਸੰਗਠਨ ਕਰਦੇ ਹਨ ਅਤੇ ਉਹ ਜਲਸਿਆਂ ਵਿਚ ਮਿੱਠੇ ਬੋਲਾਂ ਦੀ ਆਪਣੀ ਸਾਰੀ ਦੌਲਤ ਦਾ ਵਿਖਾਵਾ ਕਰਦੇ ਹਨ। ਇਹਨਾਂ ਵਿਚੋਂ ਹੀ ਇੱਕ ਜਲਸੇ ਵਿਚ ਇੱਕ ਮਜ਼ਦੂਰ ਚੀਕ ਉੱਠਿਆ ਸੀ: 'ਜੇ ਜਗੀਰਦਾਰ ਸਾਡੀਆਂ ਹੱਡੀਆਂ ਵੇਚਣ, ਤਾਂ ਤੁਸੀਂ ਕਾਰਖਾਨੇਦਾਰ ਉਹਨਾਂ ਨੂੰ ਸਭ ਤੋਂ ਪਹਿਲਾਂ ਖਰੀਦੋਗੇ ਤਾਂ ਜੋ ਉਹਨਾਂ ਨੂੰ ਭਾਫ ਦੀ ਮਿੱਲ ਵਿਚ ਸੁੱਟ ਸਕੋ ਅਤੇ ਉਹਨਾਂ ਨੂੰ ਮਲੀਦਾ ਕਰ ਸਕੋ !' ਅੰਗ੍ਰੇਜ਼ ਮਜ਼ਦੂਰਾਂ ਨੇ ਜਾਗੀਰਦਾਰਾਂ ਅਤੇ ਸਨਅਤੀ ਪੂੰਜੀਪਤੀਆਂ ਵਿਚਕਾਰ ਘੋਲ਼ ਦੀ ਮਹੱਤਤਾ ਬੜੀ ਚੰਗੀ ਤਰ੍ਹਾਂ ਸਮਝ ਲਈ ਹੈ। ਉਹ ਬੜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਰੋਟੀ ਦੀ ਕੀਮਤ ਇਸ ਲਈ ਘਟਾਈ ਗਈ ਸੀ ਤਾਂ ਜੋ ਉਜਰਤਾਂ ਘਟਾਈਆਂ ਜਾਣ, ਅਤੇ ਕਿ ਲਗਾਨ ਜਿੰਨਾਂ ਹੇਠਾਂ ਜਾਂਦਾ ਹੈ ਸਨਅਤੀ ਮੁਨਾਫਾ ਓਨਾ ਹੀ ਵਧ ਜਾਏਗਾ।"

ਇਸ ਪ੍ਰਕਾਰ ਸਮੱਸਿਆ ਦੀ ਪੇਸ਼ਕਾਰੀ ਹੀ ਸਿਸਮਾਂਦੀ ਦੀ ਪੇਸ਼ਕਾਰੀ ਨਾਲੋਂ ਬਿਲਕੁਲ ਵੱਖਰੀ ਹੈ। ਵਕਤਾ ਨੇ ਆਪਣੇ ਸਾਮ੍ਹਣੇ ਇਹ ਉਦੇਸ਼ ਮਿੱਥੇ, ਪਹਿਲਾ, ਸਮੱਸਿਆ ਵੱਲ ਅੰਗ੍ਰੇਜ਼ ਸਮਾਜ ਦੀਆਂ ਵੱਖ-ਵੱਖ ਜਮਾਤਾਂ ਦੇ ਵਤੀਰੇ ਦੀ ਉਹਨਾਂ ਦੇ ਹਿੱਤਾਂ ਦੀ ਦ੍ਰਿਸ਼ਟੀ ਤੋਂ ਵਿਆਖਿਆ ਕਰਨਾ; ਅਤੇ ਦੂਜਾ, ਅੰਗ੍ਰੇਜ਼ ਸਮਾਜਕ ਆਰਥਕਤਾ ਦੇ ਵਿਆਪਕ ਕ੍ਰਮ-ਵਿਕਾਸ ਵਿਚ ਸੁਧਾਰ ਦੀ ਮਹੱਤਤਾ ਉੱਤੇ ਚਾਨਣ ਪਾਉਣਾ।

ਇਸ ਆਖਰੀ ਨੁਕਤੇ ਬਾਰੇ ਵਕਤਾ ਦੇ ਵਿਚਾਰ ਸਿਸਮਾਂਦੀ ਦੇ ਵਿਚਾਰਾਂ ਨਾਲ ਇਸ ਕਰਕੇ ਮੇਲ ਖਾਂਦੇ ਹਨ ਕਿ ਉਹ ਵੀ ਇਸ ਵਿਚ ਇੱਕ ਵਿਸ਼ੇਸ਼ ਸਮੱਸਿਆ ਨਹੀਂ, ਸਗੋਂ ਆਮ ਰੂਪ ਵਿਚ ਪੂੰਜੀਵਾਦ ਦੇ, ਇੱਕ ਪ੍ਰਣਾਲੀ ਵਜੋਂ "ਆਜ਼ਾਦ ਵਪਾਰ" ਦੇ ਵਿਕਾਸ ਦੀ ਵਿਆਪਕ ਸਮੱਸਿਆ ਦੇਖਦਾ ਹੈ। "ਇੰਗਲੈਂਡ ਵਿਚ ਅਨਾਜ ਕਾਨੂੰਨਾਂ ਦੀ ਮਨਸੂਖੀ ਉੱਨੀਵੀਂ ਸਦੀ ਵਿਚ ਆਜ਼ਾਦ ਵਪਾਰ ਦੀ ਸਭ ਤੋਂ ਵੱਡੀ ਜਿੱਤ ਹੈ।" "...ਅਨਾਜ ਕਾਨੂੰਨ ਦੀ ਮਨਸੂਖੀ ਨਾਲ, ਆਜ਼ਾਦ ਮੁਕਾਬਲਾ, ਵਰਤਮਾਨ ਸਮਾਜਕ ਆਰਥਕਤਾ ਆਪਣੇ ਅੰਤਮ ਬਿਂਦੂ ਨੂੰ ਪਹੁੰਚ ਗਿਆ ਹੈ।"[6] ਇਸ ਲਈ, ਇਹ ਮਸਲਾ ਇਹਨਾਂ ਲੇਖਕਾਂ ਦੇ ਸਾਮ੍ਹਣੇ ਇਸ ਸਵਾਲ ਦੇ ਰੂਪ ਵਿਚ ਪੇਸ਼ ਹੁੰਦਾ ਹੈ ਕਿ ਪੂੰਜੀਵਾਦ ਦੇ ਹੋਰ ਅੱਗੋਂ ਵਿਕਾਸ ਦੀ ਲੋੜ ਹੈ ਜਾਂ ਇਸ ਨੂੰ ਰੋਕ ਦਿਤਾ ਜਾਣਾ ਚਾਹੀਦਾ ਹੈ, ਕੀ "ਵੱਖਰੇ ਮਾਰਗ" ਲੱਭੇ ਜਾਣੇ ਚਾਹੀਦੇ ਹਨ, ਆਦਿ। ਅਸੀਂ ਜਾਣਦੇ ਹਾਂ ਕਿ ਉਹਨਾਂ ਵਲੋਂ ਇਸ ਸਵਾਲ ਦਾ ਹਾਂ ਵਿਚ ਜਵਾਬ ਨਿਰਸੰਦੇਹ "ਪੂੰਜੀਵਾਦ ਦੀ ਹੋਣੀ" ਦੀ ਵਿਆਪਕ ਬੁਨਿਆਦੀ ਸਮੱਸਿਆ ਦਾ ਹੱਲ ਸੀ ਅਤੇ ਇੰਗਲੈਂਡ ਵਿਚ ਅਨਾਜ ਕਾਨੂੰਨਾਂ ਦੀ ਵਿਸ਼ੇਸ਼ ਸਮੱਸਿਆ ਦਾ ਨਹੀਂ, ਕਿਉਂਕਿ ਇਥੇ ਸਥਾਪਤ ਹੋਇਆ ਦ੍ਰਿਸ਼ਟੀਕੋਣ ਬਹੁਤ ਮਗਰੋਂ ਦੂਜੇ ਦੇਸ਼ਾਂ ਦੇ ਸੰਬੰਧ ਵਿਚ ਵੀ ਲਾਗੂ ਕੀਤਾ ਗਿਆ ਸੀ। ਲੇਖਕਾਂ ਦੇ ਜਰਮਨੀ ਦੇ ਸੰਬੰਧ ਵਿਚ, ਅਤੇ ਅਮਰੀਕਾ ਦੇ ਸੰਬੰਧ ਵਿਚ 1840 ਵਿਆਂ ਵਿਚ ਅਜਿਹੇ ਵਿਚਾਰ ਸਨ ਅਤੇ ਉਹਨਾਂ ਐਲਾਨ ਕੀਤਾ ਸੀ ਕਿ ਆਜ਼ਾਦ ਮੁਕਾਬਲਾ ਉਸ ਦੇਸ ਲਈ ਪ੍ਰਗਤੀਸ਼ੀਲ ਸੀ; ਇਹਨਾਂ ਵਿਚੋਂ ਇੱਕ ਨੇ, ਮਗਰੋਂ ਸੱਠਵਿਆਂ ਵਿਚ, ਜਰਮਨੀ ਬਾਰੇ ਲਿਖਿਆ ਸੀ ਕਿ ਉਹ ਕੇਵਲ ਪੂੰਜੀਵਾਦ ਤੋਂ ਨਹੀਂ, ਸਗੋਂ ਪੂੰਜੀਵਾਦ ਦੇ ਘੱਟ ਵਿਕਾਸ ਤੋਂ ਵੀ ਨੁਕਸਾਨ ਉਠਾ ਰਿਹਾ ਸੀ।[7]

ਆਓ! ਉਸ ਭਾਸ਼ਨ ਵਲ ਪਰਤੀਏ ਜਿਸ ਦੀ ਅਸੀਂ ਚਰਚਾ ਕਰ ਰਹੇ ਹਾਂ। ਅਸੀਂ ਵਕਤਾ ਦੇ ਬੁਨਿਆਦੀ ਤੌਰ 'ਤੇ ਵੱਖਰੇ ਦ੍ਰਿਸ਼ਟੀਕੋਣ ਵਲ ਧਿਆਨ ਦੁਆਇਆ ਸੀ, ਜਿਸ ਨੇ ਸਮਸਿਆ ਨੂੰ ਅੰਗ੍ਰੇਜ਼ ਸਮਾਜ ਵਿਚ ਵੱਖ ਵੱਖ ਜਮਾਤਾਂ ਦੇ ਹਿੱਤਾਂ ਦੀ ਸਮੱਸਿਆ ਤੱਕ ਸੰਕੁਚਿਤ ਕਰ ਦਿੱਤਾ ਸੀ। ਅਸੀਂ ਸਮਾਜਕ ਆਰਥਕਤਾ ਲਈ ਅਨਾਜ ਕਾਨੂੰਨਾਂ ਦੀ ਮਨਸੂਖੀ ਦੀ ਮਹੱਤਤਾ ਦੀ ਨਿਰੋਲ ਸਿਧਾਂਤਕ ਸਮੱਸਿਆ ਦੀ ਉਸ ਵਲੋਂ ਪੇਸ਼ਕਾਰੀ ਵਿਚ ਵੀ ਉਹੋ ਨਿੱਗਰ ਫ਼ਰਕ ਦੇਖਦੇ ਹਾਂ। ਉਹਦੇ ਲਈ ਇਹ ਅਮੂਰਤ ਸਵਾਲ ਨਹੀਂ ਕਿ ਇੰਗਲੈਂਡ ਨੂੰ ਕਿਹੜੀ ਪ੍ਰਣਾਲੀ ਅਪਣਾਉਣੀ ਚਾਹੀਦੀ ਹੈ, ਉਸ ਨੂੰ ਕਿਹੜਾ ਰਾਹ ਚੁਣਨਾ ਚਾਹੀਦਾ ਹੈ (ਜਿਵੇਂ ਕਿ ਸਿਸਮਾਂਦੀ ਸਵਾਲ ਨੂੰ ਪੇਸ਼ ਕਰਦਾ ਹੈ, ਜਿਹੜਾ ਇਹ ਭੁੱਲ ਜਾਂਦਾ ਹੈ ਕਿ ਇੰਗਲੈਂਡ ਦਾ ਇੱਕ ਭੂਤ ਅਤੇ ਵਰਤਮਾਨ ਹੈ, ਜਿਸ ਨੇ ਪਹਿਲਾਂ ਹੀ ਉਹ ਮਾਰਗ ਨਿਸਚਿਤ ਕਰ ਦਿੱਤਾ ਹੈ)। ਨਹੀਂ, ਉਹ ਤੁਰੰਤ ਹੀ ਸਵਾਲ ਨੂੰ ਅਜੋਕੀ ਸਮਾਜਿਕ ਤੇ ਆਰਥਿਕ ਪ੍ਰਣਾਲੀ ਦੇ ਅਧਾਰ ਉੱਤੇ

ਪੇਸ਼ ਕਰਦਾ ਹੈ: ਉਹ ਆਪਣੇ ਆਪ ਨੂੰ ਪੁੱਛਦਾ ਹੈ: ਅਨਾਜ ਕਾਨੂੰਨਾਂ ਦੀ ਮਨਸੂਖੀ ਤੋਂ ਮਗਰੋਂ ਇਸ ਪ੍ਰਣਾਲੀ ਦੇ ਵਿਕਾਸ ਵਿਚ ਅਗਲਾ ਕਦਮ ਕਿਹੜਾ ਹੋਣਾ ਜ਼ਰੂਰੀ ਹੈ?

ਇਸ ਸਵਾਲ ਨਾਲ ਸੰਬੰਧਤ ਮੁਸ਼ਕਲ ਇਹ ਨਿਸ਼ਚਿਤ ਕਰਨ ਦੀ ਸੀ ਕਿ ਅਨਾਜ ਕਾਨੂੰਨਾਂ ਦੀ ਮਨਸੂਖੀ ਦਾ ਜ਼ਰਾਇਤ ਉੱਤੇ ਕੀ ਅਸਰ ਪਵੇਗਾ, ਕਿਉਂਕਿ ਸਨਅਤੀ ਸੰਬੰਧ ਵਿਚ ਇਹ ਅਸਰ ਸਭ ਨੂੰ ਸਪੱਸ਼ਟ ਸੀ।

ਇਹ ਸਿੱਧ ਕਰਨ ਲਈ ਕਿ ਇਸ ਮਨਸੂਖੀ ਨਾਲ ਜ਼ਰਾਇਤ ਨੂੰ ਵੀ ਲਾਭ ਪਹੁੰਚੇਗਾ, ਅਨਾਜ-ਕਾਨੂੰਨ-ਵਿਰੋਧੀ ਲੀਗ ਨੇ ਅਨਾਜ ਕਾਨੂੰਨਾਂ ਦੀ ਮਨਸੂਖੀ ਨਾਲ ਇੰਗਲੈਂਡ ਦੀ ਜ਼ਰਾਇਤ ਉੱਤੇ ਪੈਣ ਵਾਲੇ ਲਾਭਦਾਇਕ ਪ੍ਰਭਾਵ ਬਾਰੇ ਤਿੰਨ ਸਭ ਤੋਂ ਚੰਗੇ ਨਿਬੰਧਾਂ ਲਈ ਇਨਾਮ ਭੇਂਟ ਕੀਤੇ। ਵਕਤਾ ਨੇ ਤਿੰਨ ਇਨਾਮ ਜੇਤੂਆਂ, ਗੋਪ, ਮੋਰਸ ਅਤੇ ਗਰੇਗ ਦੇ ਵਿਚਾਰ ਸੰਖੇਪ ਰੂਪ ਵਿਚ ਪੇਸ਼ ਕੀਤੇ, ਅਤੇ ਅਖੀਰਲੇ ਨੂੰ ਇੱਕ ਦਮ ਅਲੱਗ ਨਿਖੇੜ ਲਿਆ, ਜਿਸ ਦਾ ਨਿਬੰਧ ਕਲਾਸੀਕੀ ਰਾਜਨੀਤਕ ਆਰਥਕਤਾ ਵੱਲੋਂ ਮਿੱਥੇ ਅਸੂਲਾਂ ਦਾ ਬੜੀ ਸਖ਼ਤੀ ਨਾਲ ਅਤੇ ਅਤਿਅੰਤ ਵਿਗਿਆਨਕ ਰੂਪ ਵਿਚ ਪਾਲਣ ਕਰਦਾ ਸੀ।

ਮੁੱਖ ਕਰਕੇ ਵੱਡੇ ਕਿਸਾਨਾਂ ਬਾਰੇ ਲਿਖਦਿਆਂ, ਗਰੇਗ ਨੇ, ਜਿਹੜਾ ਆਪ ਇੱਕ ਵੱਡਾ ਕਾਰਖਾਨੇਦਾਰ ਸੀ, ਦਰਸਾਇਆ ਕਿ ਅਨਾਜ ਕਾਨੂੰਨ ਦੀ ਮਨਸੂਖੀ ਛੋਟੇ ਕਿਸਾਨਾਂ ਨੂੰ ਜ਼ਰਾਇਤ ਵਿਚੋਂ ਬਾਹਰ ਧੱਕ ਦੇਵੇਗੀ ਅਤੇ ਉਹ ਸਨਅਤ ਵੱਲ ਮੂੰਹ ਕਰਨਗੇ, ਪਰ ਇਹ ਵੱਡੇ ਕਿਸਾਨਾਂ ਲਈ ਲਾਭਦਾਇਕ ਹੋਵੇਗੀ ਜਿਹੜੇ ਜ਼ਮੀਨ ਨੂੰ ਲੰਮੇਰੇ ਪਟਿਆਂ ਉੱਤੇ ਲਗਾਨ 'ਤੇ ਦੇਣ ਦੇ ਯੋਗ ਹੋਣਗੇ, ਜ਼ਮੀਨ ਵਿਚ ਵਧੇਰੇ ਪੂੰਜੀ ਲਾ ਸਕਣਗੇ, ਵਧੇਰੇ ਮਸ਼ੀਨਾਂ ਦੀ ਵਰਤੋਂ ਕਰ ਸਕਣਗੇ ਅਤੇ ਸਸਤੀ ਕਿਰਤ ਨਾਲ ਕੰਮ ਚਲਾ ਲੈਣਗੇ, ਜਿਸ ਦਾ ਅਨਾਜ ਦੀ ਕੀਮਤ ਘਟਣ ਨਾਲ ਸਸਤਾ ਹੋਣਾ ਲਾਜ਼ਮੀ ਸੀ। ਪਰੰਤੂ, ਜਾਗੀਰਦਾਰਾਂ ਨੂੰ ਹੋਰ ਥੋੜੇ ਲਗਾਨ ਉੱਤੇ ਹੀ ਸੰਤੁਸ਼ਟ ਰਹਿਣਾ ਪਵੇਗਾ ਕਿਉਂਕਿ ਮਾੜੀ ਕਿਸਮ ਦੀ ਜ਼ਮੀਨ 'ਤੇ ਕਾਸ਼ਤ ਬੰਦ ਹੋ ਜਾਏਗੀ, ਕਿਉਂਕਿ ਦਰਾਮਦ ਕੀਤੇ ਸਸਤੇ ਅਨਾਜ ਦੇ ਮੁਕਾਬਲੇ ਅੱਗੇ ਖਲੋ ਸਕਣਾ ਅਸੰਭਵ ਹੋਵੇਗਾ।

ਇਸ ਭਵਿੱਖਬਾਣੀ ਅਤੇ ਜ਼ਰਾਇਤ ਵਿਚ ਪੂੰਜੀਵਾਦ ਦੇ ਇਸ ਖੁੱਲ੍ਹਮ-ਖੁੱਲ੍ਹਾ ਹਮਾਇਤ ਨੂੰ ਅਤਿਅੰਤ ਵਿਗਿਆਨਕ ਸਮਝਣ ਵਿਚ ਵਕਤਾ ਬਿਲਕੁਲ ਠੀਕ ਸਾਬਤ ਹੋਇਆ। ਇਤਿਹਾਸ ਨੇ ਉਸ ਦੀ ਇਸ ਭਵਿੱਖਬਾਣੀ ਦੀ ਪੁਸ਼ਟੀ ਕੀਤੀ ਹੈ। "ਅਨਾਜ ਕਾਨੂੰਨ ਦੀ ਮਨਸੂਖੀ ਨੇ ਇੰਗਲੈਂਡ ਦੀ ਜ਼ਰਾਇਤ ਨੂੰ ਜ਼ਬਰਦਸਤ ਹੁਲਾਰਾ ਦਿੱਤਾ...। ਜ਼ਰਾਇਤੀ ਵਸੋਂ ਵਿਚ ਪੱਕੇ ਤੌਰ 'ਤੇ ਕਮੀ ਹੋਣ ਦੇ ਨਾਲ-ਨਾਲ ਕਾਸ਼ਤ ਹੇਠਲੇ ਰਕਬੇ ਵਿਚ ਵਾਧਾ ਹੋਇਆ, ਪਹਿਲਾਂ ਨਾਲੋਂ ਵਧੇਰੇ ਜ਼ੋਰਦਾਰ ਕਾਸ਼ਤ ਹੋਣ ਲਗੀ, ਖੇਤੀ ਦੇ ਕੰਮ ਵਿਚ ਲੱਗੀ ਅਤੇ ਜ਼ਮੀਨ ਨਿਗਮਿਤ ਪੂੰਜੀ ਦਾ ਬੇਮਿਸਾਲ ਇੱਕਤਰੀਕਰਨ ਹੋਇਆ, ਜ਼ਮੀਨ ਦੀ ਪੈਦਾਵਾਰ ਏਨੀ ਵਧੀ ਕਿ ਉਹ ਇੰਗਲੈਂਡ ਦੀ ਜ਼ਰਾਇਤ ਦੇ ਇਤਿਹਾਸ ਵਿਚ ਲਾਸਾਨੀ ਸੀ, ਜਾਗੀਰਦਾਰਾਂ ਦੀਆਂ ਜਮ੍ਹਾਂ-ਬੰਦੀਆਂ ਵਿਚ ਬੇਹੱਦ ਵਾਧਾ ਹੋਇਆ ਅਤੇ ਪੂੰਜੀਪਤੀ ਕਿਸਾਨਾਂ ਦੀ ਦੌਲਤ ਵਧਣ ਲੱਗੀ...। ਪ੍ਰਤੀ ਏਕੜ ਪੂੰਜੀ ਦੀ ਲਾਗਤ ਵਡੇਰੀ ਹੋਈ ਅਤੇ, ਇਸ ਦੇ ਸਿੱਟੇ ਵਜੋਂ, ਖੇਤਾਂ ਦਾ ਵਧੇਰੇ ਤੇਜ਼ੀ ਨਾਲ ਕੇਂਦਰੀਕਰਨ, ਨਵੀਂ ਵਿਧੀ ਦੀਆਂ ਲਾਜ਼ਮੀ ਸ਼ਰਤਾਂ ਸਨ"।*

ਪਰ, ਨਿਰਸੰਦੇਹ, ਵਕਤਾ ਨੇ ਆਪਣੇ ਆਪ ਨੂੰ ਗਰੇਗ ਦੀਆਂ ਦਲੀਲਾਂ ਨੂੰ ਅਤਿਅੰਤ ਸਹੀ ਮੰਨਣ ਤੱਕ ਹੀ ਸੀਮਤ ਨਹੀਂ ਰਖਿਆ। ਗਰੇਗ ਦੇ ਮੂੰਹੋਂ ਨਿੱਕਲਦੀਆਂ, ਉਹ ਇੱਕ ਆਜ਼ਾਦ ਵਪਾਰੀ ਦੀਆਂ ਦਲੀਲਾਂ ਸਨ ਜਿਹੜਾ ਵਿਆਪਕ ਰੂਪ ਵਿਚ ਅੰਗ੍ਰੇਜ਼ ਜ਼ਰਾਇਤ ਉੱਤੇ ਬਹਿਸ ਕਰ ਰਿਹਾ ਸੀ ਅਤੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਅਨਾਜ ਕਾਨੂੰਨਾਂ ਦੀ ਮਨਸੂਖੀ ਸਮੁੱਚੀ ਕੌਮ ਲਈ ਲਾਭਦਾਇਕ ਹੋਵੇਗੀ। ਜੋ ਕੁਝ ਅਸੀਂ ਉੱਪਰ ਆਖਿਆ ਹੈ ਉਸ ਤੋਂ ਮਗਰੋਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਇਹ ਵਕਤਾ ਦੇ ਵਿਚਾਰ ਨਹੀਂ ਸਨ।

ਉਸ ਨੇ ਸਪਸ਼ਟ ਕੀਤਾ ਕਿ ਅਨਾਜ ਦੀ ਕੀਮਤ ਵਿਚ ਕਮੀ, ਜਿਸ ਦੀ ਆਜ਼ਾਦ ਵਪਾਰੀ ਏਨੀ ਮਹਿਮਾ ਕਰ ਰਹੇ ਹਨ, ਦਾ ਮਤਲਬ ਸੀ ਉਜਰਤਾਂ ਵਿਚ ਕਮੀ, ਜਿਣਸ "ਕਿਰਤ" (ਵਧੇਰੇ ਠੀਕ ਗੱਲ: ਕਿਰਤ-ਸ਼ਕਤੀ) ਦਾ ਸਸਤਾ ਹੋਣਾ; ਕਿ ਅਨਾਜ ਦੀ ਕੀਮਤ ਦਾ ਘਟਣਾ ਮਜ਼ਦੂਰਾਂ ਦੀਆਂ ਉਜਰਤਾਂ ਵਿਚ ਕਮੀ ਦੀ ਕਸਰ ਪੂਰੀ ਕਰਨ ਦੇ ਕਦੇ ਯੋਗ ਨਹੀਂ ਹੋਵੇਗਾ ਕਿਉਂਕਿ, ਪਹਿਲੀ ਗੱਲ, ਅਨਾਜ ਦੀ ਕੀਮਤ ਘਟਣ ਨਾਲ ਦੂਜੀਆਂ ਵਸਤਾਂ ਖਰੀਦਣ ਦੀ ਦ੍ਰਿਸ਼ਟੀ ਤੋਂ ਰੋਟੀ ਦੀ ਖਪਤ ਤੋਂ ਬਚਤ ਕਰਨਾ ਮਜ਼ਦੂਰ ਲਈ ਹੋਰ ਵੀ ਮੁਸ਼ਕਲ ਹੋ ਜਾਏਗਾ; ਦੂਜੀ ਗੱਲ, ਕਿਉਂਕਿ ਸਨਅਤ ਦੀ ਪ੍ਰਗਤੀ ਨਾਲ ਖਪਤ ਦੀਆਂ ਵਸਤਾਂ ਸਸਤੀਆਂ ਹੁੰਦੀਆਂ ਹਨ, ਸ਼ਰਾਬ ਨੂੰ ਬੀਅਰ ਦਾ, ਆਲੂਆਂ ਨੂੰ ਰੋਟੀ ਦਾ, ਸੂਤ ਨੂੰ ਉੱਨ ਤੇ ਲਿਨਿਨ ਦਾ ਬਦਲ ਬਣਾਉਂਦੀਆਂ ਹਨ ਅਤੇ ਇਸ ਸਭ ਨਾਲ ਮਜ਼ਦੂਰਾਂ ਦੀਆਂ ਲੋੜਾਂ ਅਤੇ ਰਹਿਣ ਦਾ ਮਿਆਰ ਨੀਵਾਂ ਹੁੰਦਾ ਹੈ।

ਇਸ ਪ੍ਰਕਾਰ, ਅਸੀਂ ਦੇਖਦੇ ਹਾਂ ਕਿ ਜ਼ਾਹਿਰਾ ਰੂਪ ਵਿਚ ਵਕਤਾ ਸਮੱਸਿਆ ਦੇ ਤੱਤ ਉਵੇਂ ਹੀ ਸਥਾਪਤ ਕਰਦਾ ਹੈ ਜਿਵੇਂ ਸਿਸਮਾਂਦੀ ਕਰਦਾ ਹੈ: ਉਹ ਵੀ ਮੰਨਦਾ ਹੈ ਕਿ ਛੋਟੇ ਕਿਸਾਨਾਂ ਦੀ ਬਰਬਾਦੀ, ਸਨਅਤ ਅਤੇ ਜ਼ਰਾਇਤ ਵਿਚ ਮਜ਼ਦੂਰਾਂ ਦੀ ਕੰਗਾਲੀ ਆਜ਼ਾਦ ਵਪਾਰ ਦੇ ਅਟੱਲ ਸਿੱਟੇ ਹੋਣਗੇ। ਇਥੇ ਪਹੁੰਚ ਕੇ ਸਾਡੇ ਨਰੋਦਨਿਕ, ਜਿਹੜੇ " ਹਵਾਲੇ ਦੇਣ" ਵਿਚ ਆਪਣੀ ਅਦੁੱਤੀ ਕਾਰੀਗਰੀ ਲਈ ਵੀ ਉੱਘੇ ਹਨ, ਆਮ ਕਰਕੇ "ਟੂਕਾਂ" ਦਾ ਹਵਾਲਾ ਦੇਣਾ ਬੰਦ ਕਰ ਦੇਂਦੇ ਹਨ ਅਤੇ ਪੂਰੀ ਤਸੱਲੀ ਨਾਲ ਐਲਾਨ ਕਰਦੇ ਕਿ ਉਹ ਪੂਰੀ ਤਰ੍ਹਾਂ "ਸਹਿਮਤ ਹਨ"। ਪਰ ਇਹ ਢੰਗ ਸਿਰਫ ਇਹ ਦਰਸਾਉਂਦੇ ਹਨ ਕਿ ਉਹ, ਪਹਿਲੀ ਗੱਲ, ਸਮੱਸਿਆ ਦੀ ਪੇਸ਼ਕਾਰੀ ਵਿਚ ਓੜਕਾਂ ਦੇ ਫਰਕ ਨੂੰ, ਜਿਸ ਵੱਲ ਅਸੀਂ ਉਕਤ ਸੰਕੇਤ ਕੀਤਾ ਸੀ, ਨਹੀਂ ਸਮਝਦੇ : ਦੂਜੇ, ਉਹਨਾਂ ਨੇ ਇਹ ਤੱਥ ਅੱਖੋਂ ਓਹਲੇ ਕਰ ਦਿੱਤਾ ਕਿ ਕੇਵਲ ਇਹੋ ਥਾਂ ਹੈ ਜਿੱਥੇ ਨਵੇਂ ਸਿਧਾਂਤ ਅਤੇ ਰੋਮਾਂਚਵਾਦ ਅਸਲ ਵਿਕਾਸ ਦੀਆਂ ਨਿੱਗਰ ਸਮੱਸਿਆਵਾਂ ਤੇ ਸੁਪਨਿਆਂ ਵੱਲ ਮੁੜ ਪੈਂਦੇ ਹਨ, ਜਦੋਂ ਕਿ ਯਥਾਰਥਵਾਦੀ ਸਥਾਪਤ ਤੱਥਾਂ ਨੂੰ ਨਿੱਗਰ ਸਮੱਸਿਆ ਨੂੰ ਨਿਸ਼ਚਿਤ ਤੌਰ 'ਤੇ ਹੱਲ ਕਰਨ ਵਿਚ ਮਾਪ-ਦੰਡ ਬਣਾਉਂਦਾ ਹੈ।

ਮਜ਼ਦੂਰਾਂ ਦੀ ਹਾਲਤ ਵਿਚ ਹੋਣ ਵਾਲੇ ਸੁਧਾਰ ਵੱਲ ਇਸ਼ਾਰਾ ਕਰਦਿਆਂ ਵਕਤਾ ਅਗੇ ਕਹਿੰਦਾ ਹੈ:

"ਇਸ 'ਤੇ ਅਰਥ-ਸ਼ਾਸਤ੍ਰੀ ਤੁਹਾਨੂੰ ਦੱਸਣਗੇ:

" 'ਠੀਕ ਹੈ, ਅਸੀਂ ਮੰਨਦੇ ਹਾਂ ਕਿ ਮਜ਼ਦੂਰਾਂ ਵਿਚਾਲੇ ਮੁਕਾਬਲਾ, ਜਿਹੜਾ ਨਿਸ਼ਚੇ

ਹੀ ਆਜ਼ਾਦ ਵਪਾਰ ਅਧੀਨ ਘਟੇਗਾ ਨਹੀਂ, ਛੇਤੀ ਹੀ ਉਜਰਤਾਂ ਨੂੰ ਜਿਣਸਾਂ ਦੀ ਘਟੀ ਕੀਮਤ ਨਾਲ ਇੱਕਸੁਰ ਕਰ ਦੇਵੇਗਾ ਪਰ ਦੂਸਰੇ ਪਾਸੇ ਜਿਣਸਾਂ ਦੀ ਘੱਟ ਕੀਮਤ ਖਪਤ ਵਧਾਏਗੀ, ਵਡੇਰੀ ਖਪਤ ਵੱਧ ਉਤਪਾਦਨ ਦੀ ਮੰਗ ਕਰੇਗੀ, ਜਿਸ ਨਾਲ ਕੰਮ ਕਰਨ ਵਾਲਿਆਂ ਦੀ ਮੰਗ ਵਿਚ ਵਾਧਾ ਹੋਵੇਗਾ ਅਤੇ ਕੰਮ ਕਰਨ ਵਾਲਿਆਂ ਦੀ ਇਸ ਵਧੇਰੇ ਮੰਗ ਦਾ ਨਤੀਜਾ ਉਜਰਤਾਂ ਵਿਚ ਵਾਧਾ ਹੋਵੇਗਾ।

"ਦਲੀਲ ਦੀ ਸਮੁੱਚੀ ਧਾਰਾ ਦਾ ਮਤਲਬ ਇਹ ਹੈ: ਆਜ਼ਾਦ ਵਪਾਰ ਉਤਪਾਦਨਕਾਰੀ ਸ਼ਕਤੀਆਂ ਵਿਚ ਵਾਧਾ ਕਰਦਾ ਹੈ। ਜੇ ਸਨਅਤ ਪ੍ਰਫੁੱਲਤ ਹੁੰਦੀ ਜਾਂਦੀ ਹੈ, ਜੇ ਦੌਲਤ, ਜੇ ਉਤਪਾਦਨਕਾਰੀ ਤਾਕਤ, ਜੇ, ਮੁੱਕਦੀ ਗੱਲ ਉਤਪਾਦਨਕਾਰੀ ਪੂੰਜੀ ਕਿਰਤ ਦੀ ਮੰਗ ਵਿਚ ਵਾਧਾ ਕਰਦੀ ਹੈ, ਤਾਂ ਕਿਰਤ ਦੀ ਕੀਮਤ ਅਤੇ ਫਲਸਰੂਪ ਉਜਰਤਾਂ ਦੀ ਦਰ ਵੀ ਵਧਦੀ ਹੈ ਮਜ਼ਦੂਰ ਲਈ ਅਤਿਅੰਤ ਢੁਕਵੀਂ ਪ੍ਰਸਥਿਤੀ ਪੂੰਜੀ ਦਾ ਵਾਧਾ ਹੈ। ਇਹ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਜੇ ਪੂੰਜੀ ਸਥਿਰ ਰਹਿੰਦੀ ਹੈ, ਤਾਂ ਸਨਅਤ ਕੇਵਲ ਸਥਿਰ ਹੀ ਨਹੀਂ ਰਹੇਗੀ ਸਗੋਂ ਇਸ ਦਾ ਪਤਨ ਹੋਵੇਗਾ ਅਤੇ ਇਸ ਹਾਲਤ ਵਿਚ ਸਭ ਤੋਂ ਪਹਿਲਾ ਸ਼ਿਕਾਰ ਮਜ਼ਦੂਰ ਹੋਵੇਗਾ। ਉਹ ਪੂੰਜੀਪਤੀ ਤੋਂ ਪਹਿਲਾਂ ਇਸ ਦੀ ਮਾਰ ਹੇਠ ਆਵੇਗਾ। ਉਸ ਹਾਲਤ ਵਿਚ ਜਦੋਂ ਪੂੰਜੀ ਵਧਦੀ ਰਹਿੰਦੀ ਹੈ, ਉਹਨਾਂ ਪ੍ਰਸਥਿਤੀਆਂ ਵਿਚ ਜਿਨ੍ਹਾਂ ਨੂੰ ਅਸੀਂ ਮਜ਼ਦੂਰ ਲਈ ਸਭ ਤੋਂ ਚੰਗੀਆਂ ਆਖਿਆ ਹੈ, ਉਸ ਦਾ ਨਸੀਬਾ ਕੀ ਹੋਵੇਗਾ? ਉਹ ਉਸੇ ਹੀ ਤਰ੍ਹਾਂ ਮਾਰ ਹੇਠ ਆਵੇਗਾ...।" ਅੰਗ੍ਰੇਜ਼ ਅਰਥ-ਸ਼ਾਸਤ੍ਰੀਆਂ ਵਲੋਂ ਦਿੱਤੀ ਜਾਣਕਾਰੀ ਦੇ ਹਵਾਲੇ ਦੇ ਕੇ ਵਕਤਾ ਨੇ ਅੱਗੋਂ ਵਿਸਥਾਰ ਨਾਲ ਵਿਆਖਿਆ ਕੀਤੀ ਕਿ ਕਿਵੇਂ ਪੂੰਜੀ ਦਾ ਇਕੱਤਰੀਕਰਨ ਕਿਰਤ ਦੀ ਵੰਡ ਵਿਚ ਵਾਧਾ ਕਰਦਾ ਹੈ, ਜਿਹੜਾ ਗੈਰ-ਹੁਨਰਮੰਦ ਕਿਰਤ ਨੂੰ, ਹੁਨਰਮੰਦ ਦਾ ਬਦਲ ਬਣਾ ਕੇ ਕਿਰਤ-ਸ਼ਕਤੀ ਨੂੰ ਸਸਤਾ ਕਰਦਾ ਹੈ। ਕਿਵੇਂ ਮਸ਼ੀਨਾਂ ਮਜ਼ਦੂਰਾਂ ਨੂੰ ਬੇਦਖਲ ਕਰਦੀਆਂ ਹਨ, ਕਿਵੇਂ ਵੱਡੀ ਪੂੰਜੀ ਛੋਟੇ ਸਨਅਤਕਾਰਾਂ ਅਤੇ ਛੋਟੇ ਲਗਾਨ-ਉਪਜੀਵੀਆਂ ਨੂੰ ਬਰਬਾਦ ਕਰਦੀ ਹੈ ਅਤੇ ਇਸ ਦੇ ਸਿੱਟੇ ਵਜੋਂ ਸੰਕਟ ਤਿੱਖਾ ਹੁੰਦਾ ਹੈ, ਜਿਸ ਨਾਲ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਹੋਰ ਵਾਧਾ ਹੁੰਦਾ ਹੈ। ਆਪਣੇ ਵਿਸ਼ਲੇਸ਼ਣ ਤੋਂ ਜੋ ਨਿਰਣਾ ਉਸ ਨੇ ਕੱਢਿਆ ਉਹ ਇਹ ਸੀ ਕਿ ਆਜ਼ਾਦ ਵਪਾਰ ਪੂੰਜੀ ਦੇ ਵਿਕਾਸ ਦੀ ਆਜ਼ਾਦੀ ਤੋਂ ਵੱਧ ਕਿਸੇ ਹੋਰ ਗੱਲ ਦਾ ਸੂਚਕ ਨਹੀਂ।

ਇਸ ਪ੍ਰਕਾਰ, ਵਕਤਾ ਉਸ ਸਮੱਸਿਆ ਦੇ ਹੱਲ ਲਈ ਇੱਕ ਮਾਪ-ਦੰਡ ਲੱਭਣ ਦੇ ਯੋਗ ਹੋ ਗਿਆ ਜਿਹੜੀ ਪਹਿਲੀ ਨਜ਼ਰੇ ਨਿਰਾਸ਼ਾਜਨਕ ਦੁਬਿਧਾ ਵੱਲ ਲਿਜਾਂਦੀ ਜਾਪਦੀ ਸੀ ਜਿਸ ਨੇ ਸਿਸਮਾਂਦੀ ਨੂੰ ਇੱਕ ਥਾਂ ਝਟਕਾ ਦਿੱਤਾ ਸੀ: ਆਜ਼ਾਦ ਵਪਾਰ ਅਤੇ ਇਸ 'ਤੇ ਰੋਕ ਦੋਹਾਂ ਦਾ ਨਤੀਜਾ ਹੀ ਮਜ਼ਦੂਰਾਂ ਦੀ ਬਰਬਾਦੀ ਵਿਚ ਨਿੱਕਲਦਾ ਹੈ। ਮਾਪ-ਦੰਡ ਹੈ ਉਤਪਾਦਨਕਾਰੀ ਸ਼ਕਤੀਆਂ ਦਾ ਵਿਕਾਸ। ਇਹ ਗੱਲ ਤੁਰੰਤ ਪ੍ਰਤੱਖ ਹੋ ਗਈ ਕਿ ਸਮੱਸਿਆ ਉਤੇ ਇਤਿਹਾਸਕ ਦ੍ਰਿਸ਼ਟੀ ਤੋਂ ਵਿਚਾਰ ਕੀਤੀ ਗਈ ਹੈ: ਪੂੰਜੀਵਾਦ ਦੇ ਕਿਸੇ ਅਮੂਰਤ ਸਮਾਜ, ਜਿਵੇਂ ਇਸ ਨੂੰ ਹੋਣਾ ਚਾਹੀਦਾ ਹੈ (ਅਰਥਾਤ ਬੁਨਿਆਦੀ ਤੌਰ 'ਤੇ ਇੱਕ ਯੂਟੋਪੀਆ) ਨਾਲ ਤੁਲਨਾ ਕਰਨ ਦੀ ਥਾਂ, ਲੇਖਕ ਨੇ ਇਸ ਦੀ ਤੁਲਨਾ ਸਮਾਜਕ ਆਰਥਕਤਾ ਦੇ ਇਸ ਤੋਂ ਪਹਿਲਾਂ ਦੇ ਪੜਾਵਾਂ ਨਾਲ ਕੀਤੀ, ਪੂੰਜੀਵਾਦ ਦੇ ਵੱਖ-ਵੱਖ ਪੜਾਵਾਂ ਦੀ, ਜਿਵੇਂ ਉਨ੍ਹਾਂ ਨੇ

ਅੱਗੜ ਪਿੱਛੜ ਇੱਕ ਦੂਜੇ ਦੀ ਥਾਂ ਲਈਂ ਸੀ, ਤੁਲਨਾ ਕੀਤੀ ਅਤੇ ਇਹ ਤੱਥ ਸਥਾਪਤ ਕੀਤਾ ਕਿ ਸਮਾਜ ਦੀਆਂ ਉਤਪਾਦਨਕਾਰੀ ਸ਼ਕਤੀਆਂ ਪੂੰਜੀਵਾਦ ਦੇ ਵਿਕਾਸ ਦੀ ਬਦੌਲਤ ਵਿਕਸਤ ਹੁੰਦੀਆਂ ਹਨ। ਆਜ਼ਾਦ ਵਪਾਰੀਆਂ ਦੀਆਂ ਦਲੀਲਾਂ ਦੀ ਵਿਗਿਆਨਕ ਆਲੋਚਨਾ ਕਰਕੇ ਉਹ ਉਸ ਗਲਤੀ ਤੋਂ ਬਚਣ ਦੇ ਯੋਗ ਹੋਇਆ, ਜਿਹੜੀ ਰੋਮਾਂਚਵਾਦੀਆਂ ਨੇ ਆਮ ਕਰਕੇ ਕੀਤੀ ਸੀ ਜਿਹੜੇ, ਇਸ ਗੱਲ ਤੋਂ ਇਨਕਾਰ ਕਰਕੇ ਕਿ ਦਲੀਲਾਂ ਦੀ ਕੋਈ ਮਹੱਤਤਾ ਹੁੰਦੀ ਹੈ, "ਛਿਲਕਿਆਂ ਦੇ ਨਾਲ ਗਿਰੀ ਵੀ ਸੁੱਟ ਦੇਂਦੇ ਹਨ"; ਉਹ ਉਹਨਾਂ ਦੀ ਨਿੱਗਰ ਗਿਰੀ ਚੁਗ ਲੈਣ ਦੇ ਯੋਗ ਹੋ ਗਿਆ ਸੀ, ਅਰਥਾਤ, ਉੜਕ ਦੀ ਤਕਨੀਕੀ ਪ੍ਰਗਤੀ ਦਾ ਸੰਦੇਹ-ਰਹਿਤ ਤੱਥ। ਸਾਡੇ ਨਰੋਦਨਿਕਾਂ ਨੇ ਆਪਣੀ ਲਖਣਾਇਕ ਬੁੱਧੀ ਨਾਲ, ਨਿਰਸੰਦੇਹ, ਇਹ ਨਿਰਣਾ ਕੱਢਿਆ ਹੁੰਦਾ ਕਿ ਇਹ ਲੇਖਕ, ਜਿਸ ਨੇ ਛੋਟੇ ਉਤਪਾਦਕ ਦੇ ਖਿਲਾਫ ਵੱਡੀ ਪੂੰਜੀ ਦੀ ਏਨੀ ਖੁੱਲ੍ਹਮ-ਖੱਲ੍ਹਾ ਧਿਰ ਲਈ ਸੀ, "ਮੁਦਰਾ-ਸ਼ਕਤੀ ਦਾ ਸਮਰਥਕ" ਹੈ। ਇਸ ਕਾਰਨ ਹੋਰ ਵੀ ਬਹੁਤਾ ਕਿ ਉਹ ਮਹਾਂਦੀਪੀ ਯੂਰਪ ਨੂੰ ਸੰਬੋਧਨ ਕਰ ਰਿਹਾ ਸੀ ਅਤੇ ਅੰਗਰੇਜ਼ ਜੀਵਨ ਤੋਂ ਕੱਢੇ ਹੋਏ ਨਿਰਣੇ ਆਪਣੇ ਦੇਸ਼ ਉੱਤੇ ਲਾਗੂ ਕਰ ਰਿਹਾ ਸੀ, ਜਿੱਥੇ ਉਸ ਵੇਲੇ ਵੱਡੇ ਪੈਮਾਨੇ ਦੀ ਮਸ਼ੀਨੀ ਸਨਅਤ ਹਾਲੇ ਆਪਣੇ ਪਹਿਲੇ ਸਾਹ-ਸਤਹੀਨ ਕਦਮ ਚੁੱਕ ਰਹੀ ਸੀ। ਇਸ ਦੇ ਬਾਵਜੂਦ, ਠੀਕ ਇਹੋ ਹੀ ਉਦਾਹਰਣ (ਪੱਛਮ ਯੂਰਪੀ ਇਤਿਹਾਸ ਵਿਚੋਂ ਇਸ ਤਰ੍ਹਾਂ ਦੀਆਂ ਕਈ ਉਦਾਹਰਣਾਂ ਵਾਂਗ) ਉਸ ਗੱਲ ਦਾ ਅਧਿਐਨ ਕਰਨ ਵਿਚ ਉਹਨਾਂ ਦੀ ਸਹਾਇਤਾ ਕਰ ਸਕਦੀ ਸੀ, ਜਿਸ ਨੂੰ ਉਹ ਸਮਝ ਸਕਣ ਦੇ ਉੱਕਾ ਹੀ ਸਮਰਥ ਨਹੀਂ (ਸ਼ਾਇਦ ਉਹ ਸਮਝਣ ਦੇ ਇਛੁੱਕ ਹੀ ਨਹੀਂ?), ਅਰਥਾਤ, ਕਿ ਇਹ ਸਵੀਕਾਰ ਕਰਨਾ ਕਿ ਵੱਡੀ ਪੂੰਜੀ ਛੋਟੇ ਉਤਪਾਦਨ ਦੀ ਤੁਲਨਾ ਵਿਚ ਅਗਾਂਹ-ਵਧੂ ਹੈ "ਸਮਰਥਨ-ਵਿਦਿਆ" ਤੋਂ ਬਹੁਤ ਬਹੁਤ ਦੂਰ ਦੀ ਗੱਲ ਹੈ।

ਸਿਸਮਾਂਦੀ ਦਾ ਉੱਪਰ-ਕਥਿਤ ਕਾਂਡ ਅਤੇ ਇਸ ਭਾਸ਼ਨ ਦਾ ਚੇਤਾ ਕਰਨਾ ਹੀ ਇਸ ਗੱਲ ਬਾਰੇ ਕਾਇਲ ਹੋਣ ਲਈ ਕਾਫੀ ਹੈ ਕਿ ਇਹ ਭਾਸ਼ਨ ਸਿਧਾਂਤ ਦੇ ਦ੍ਰਿਸ਼ਟੀਕੋਣ ਅਤੇ ਹਰ ਕਿਸਮ ਦੀ "ਸਮਰਥਨ-ਵਿੱਦਿਆ" ਵੱਲ ਦੁਸ਼ਮਣੀ ਦੋਹਾਂ ਪੱਖਾਂ ਤੋਂ ਸ੍ਰੇਸ਼ਠ ਹੈ। ਵਕਤਾ ਨੇ ਉਹਨਾਂ ਅੰਤਰ-ਵਿਰੋਧਾਂ ਦਾ ਜਿਹੜੇ ਵੱਡੀ ਪੂੰਜੀ ਦੇ ਵਿਕਾਸ ਦੇ ਨਾਲ ਨਾਲ ਪੈਦਾ ਹੁੰਦੇ ਹਨ ਵਰਣਨ ਉਸ ਤੋਂ ਬਹੁਤ ਵਧੇਰੇ ਠੀਕ-ਠੀਕ, ਭਰਪੂਰ, ਬੇਲਾਗ ਅਤੇ ਨਿਝੱਕ ਤਰੀਕੇ ਨਾਲ ਕੀਤਾ, ਜੋ ਰੋਮਾਂਚਵਾਦੀਆਂ ਨੇ ਵੀ ਕੀਤਾ ਸੀ। ਪਰ ਉਹ ਇਸ ਵਿਕਾਸ ਤੇ ਕੀਰਨੇ ਪਾਉਂਦਾ ਇਕ ਵੀ ਉਪਭਾਵਕ ਵਾਕ ਬੋਲਣ ਤੱਕ ਕਦੇ ਹੇਠਾਂ ਨਹੀਂ ਡਿੱਗਾ। ਉਸ ਨੇ ਕਦੇ ਵੀ ਕਿਸੇ ਥਾਂ "ਮਾਰਗ ਤੋਂ ਭਟਕਣ" ਬਾਰੇ ਇੱਕ ਸ਼ਬਦ ਨਹੀਂ ਆਖਿਆ। ਉਹ ਸਮਝਦਾ ਸੀ ਕਿ ਅਜਿਹੀ ਲਫਾਜ਼ੀ ਵਰਤਕੇ ਲੋਕ ਕੇਵਲ ਇਸ ਹਕੀਕਤ ਉੱਤੇ ਪਰਦਾ ਪਾਉਂਦੇ ਹਨ ਕਿ ਉਹ ਆਪ ਉਸ ਸਮਸਿਆ ਤੋਂ "ਭਟਕ ਰਹੇ" ਹਨ, ਜਿਹੜੀ ਯਥਾਰਥ ਨੇ ਉਹਨਾਂ ਦੇ ਸਾਮ੍ਹਣੇ ਖੜੀ ਕੀਤੀ ਹੈ, ਅਰਥਾਤ, ਇੱਕ ਨਿਸ਼ਚਿਤ ਆਰਥਕ ਯਥਾਰਥ ਨੇ, ਇਕ ਨਿਸ਼ਚਿਤ ਆਰਥਕ ਵਿਕਾਸ ਨੇ ਅਤੇ ਨਿਸ਼ਚਿਤ ਹਿਤਾਂ ਨੇ, ਜਿਹੜੇ ਇਸ ਵਿਕਾਸ ਵਿਚ ਉਗਮਦੇ ਹਨ।

ਉਪਰ-ਕਥਿਤ ਪੂਰੀ ਤਰ੍ਹਾਂ ਵਿਗਿਆਨਕ ਮਾਪ-ਦੰਡ ਨੇ ਇੱਕ ਅਡੋਲ ਯਥਾਰਥਵਾਦੀ ਰਹਿੰਦੀਆਂ ਇਹ ਸਮੱਸਿਆ ਹੱਲ ਕਰਨ ਦੇ ਯੋਗ ਬਣਾਇਆ।

"ਇਹ ਨਾ ਸੋਚੋ, ਭੱਦਰਪੁਰਖੋ," ਵਕਤਾ ਨੇ ਆਖਿਆ ਸੀ, "ਕਿ ਵਪਾਰ ਦੀ ਆਜ਼ਾਦੀ ਦੀ ਨੁਕਤਾਚੀਨੀ ਕਰਦਿਆਂ ਸਾਡਾ ਸੁਰੱਖਿਆ-ਕਰ ਪ੍ਰਣਾਲੀ ਦੀ ਹਮਾਇਤ ਕਰਨ ਦਾ ਕੋਈ ਇਰਾਦਾ ਹੈ"। ਅਤੇ ਉਸ ਨੇ ਅੱਗੇ ਧਿਆਨ ਦੁਆਇਆ ਕਿ ਸਮਾਜਿਕ ਆਰਥਿਕਤਾ ਦੀ ਸਮਕਾਲੀਨ ਪ੍ਰਣਾਲੀ ਅਧੀਨ ਆਜ਼ਾਦ ਵਪਾਰ ਅਤੇ ਸੁਰੱਖਿਆ-ਕਰ ਇੱਕੋ ਹੀ ਆਧਾਰ ਉੱਤੇ ਟਿਕੇ ਹੋਏ ਹਨ, ਸੰਖੇਪ ਵਿਚ ਦੱਸੀ ਪਛਮੀ ਯੂਰਪ ਵਿਚ ਪੁਰਾਣੇ ਅਧ-ਪਿਤਰੀ ਸੰਬੰਧਾਂ ਦੇ "ਖੰਡ-ਖੰਡ ਹੋਣ" ਦੀ ਪ੍ਰਕਿਰਿਆ, ਜਿਸ ਨੂੰ ਇੰਗਲੈਂਡ ਵਿਚ ਅਤੇ ਮਹਾਂਦੀਪ ਉੱਤੇ ਪੂੰਜੀਵਾਦ ਚਲਾ ਰਿਹਾ ਹੈ ਅਤੇ ਇਸ ਸਮਾਜਕ ਤੱਥ ਵੱਲ ਸੰਕੇਤ ਕੀਤਾ ਕਿ ਨਿਸ਼ਚਿਤ ਹਾਲਤਾਂ ਅਧੀਨ ਆਜ਼ਾਦ ਵਪਾਰ ਇਸ "ਖੰਡ-ਖੰਡ ਹੋਣ" ਦੀ ਚਾਲ ਤਿੱਖੀ ਕਰਦਾ ਹੈ।[6] ਤੇ ਉਸ ਨੇ ਇਹਨਾਂ ਸ਼ਬਦਾਂ ਨਾਲ ਸਮਾਪਤੀ ਕੀਤੀ: "ਭੱਦਰਪੁਰਖੋ, ਕੇਵਲ ਇਸ ਅਰਥ ਵਿਚ ਹੀ, ਮੈਂ ਆਜ਼ਾਦ ਵਪਾਰ ਦੇ ਹੱਕ ਵਿਚ ਵੋਟ ਦੇਂਦਾ ਹਾਂ।" (**Novoye Slovo ਰਸਾਲੇ ਦੇ ਅੰਕ 7-10 ਅਪ੍ਰੈਲ-ਜੁਲਾਈ 1897**)

## ਟਿੱਪਣੀਆਂ

1 ਮੂਲ ਵਿਚ ਅੰਗਰੇਜ਼ੀ ਦੇ ਸ਼ਬਦ remunerating price ਹਨ।—ਸੰਪਾ:

2 ਅੰਗਰੇਜ਼ ਕਾਰਖਾਨੇਦਾਰ ਵੱਲੋਂ ਜਿਹੜੇ ਸੰਕਟਾਂ ਅਤੇ ਜਦੋਂ ਮੰਡੀ ਦਾ ਪਸਾਰ ਹਲਕਾ ਹੈ ਇਹਨਾਂ ਦੀ ਅਟੱਲਤਾ ਦੇ ਡੂੰਘੇਰੇ ਕਾਰਨਾਂ ਨੂੰ ਅੱਖੋਂ ਓਹਲੇ ਕਰਦੇ ਹਨ, ਦਿੱਤੀ ਇਹ ਵਿਆਖਿਆ ਇੱਕਪਾਸੜ ਹੋ ਸਕਦੀ ਹੈ, ਇਸ ਦੇ ਬਾਵਜੂਦ, ਇਸ ਵਿਚ ਨਿਰਸੰਦੇਹ ਉੱਕਾ ਹੀ ਸਹੀ ਵਿਚਾਰ ਸ਼ਮਾਲ ਹੈ ਕਿ ਇਸ ਦੀ ਬਦੇਸ਼, ਵਿਚ ਵਿਕਰੀ ਦੁਆਰਾ ਉਪਜਾਂ ਦੀ ਪੂਰਤੀ, ਸਮੁੱਚੇ ਰੂਪ ਵਿਚ, ਬਦੇਸ਼ ਤੋਂ ਅਨੁਸਾਰੀ ਦਰਾਮਦਾਂ ਦੀ ਮੰਗ ਕਰਦੀ ਹੈ। ਅਸੀਂ ਅੰਗਰੇਜ਼ ਕਾਰਖਾਨੇਦਾਰ ਦੀ ਇਸ ਵਿਆਖਿਆ ਵੱਲ ਉਹਨਾਂ ਅਰਥ-ਸ਼ਾਸਤ੍ਰੀਆਂ ਦਾ ਧਿਆਨ ਖਿੱਚਦੇ ਹਾਂ ਜਿਹੜੇ ਪੂੰਜੀਵਾਦੀ ਸਮਾਜ ਵਿਚ ਉਪਜ ਦੀ ਪੂਰਤੀ ਦੀ ਸਮੱਸਿਆ ਇਸ ਗੂੜ੍ਹ ਵਿਚਾਰ ਨਾਲ ਇੱਕ ਪਾਸੇ ਕਰ ਦੇਂਦੇ ਹਨ: "ਉਹ ਬਦੇਸ਼ਾਂ ਵਿਚ ਵੇਚਣਗੇ।"

3 ਪੂੰਜੀਵਾਦ ਦੀ ਦੋਸ਼ਪੂਰਨਤਾ "ਸਿੱਧ" ਕਰਨ ਲਈ, ਸਿਸਮਾਂਦੀ ਨਾਲ ਹੀ ਇੱਕ ਅਨੁਮਾਨਤ ਗਿਣਤੀ-ਮਿਣਤੀ ਕਰਦਾ ਹੈ (ਜਿਵੇਂ ਸਾਡੇ ਰੂਸੀ ਰੋਮਾਂਚਵਾਦੀ, ਮਿਸਾਲ ਲਈ, ਸ੍ਰੀਮਾਨ ਵ. ਵ., ਕਰਨ ਦੇ ਬਹੁਤ ਸ਼ੌਕੀਨ ਹਨ)। ਉਹ ਕਹਿੰਦਾ ਹੈ ਕਿ ਛੇ ਲੱਖ ਪਰਿਵਾਰ ਜ਼ਰਾਇਤ ਵਿਚ ਕੰਮ ਲਗੇ ਹੋਏ ਹਨ। ਜਦੋਂ ਖੇਤ ਚਰਾਂਦਾਂ ਦਾ ਰੂਪ ਧਾਰ ਜਾਣਗੇ, ਇਸ ਗਿਣਤੀ ਦਾ ਵੱਧ ਤੋਂ ਵੱਧ ਦਸਵਾਂ ਹਿੱਸਾ "ਚਾਹੀਦਾ" ਹੋਵੇਗਾ... ਇਹ ਲੇਖਕ ਇਸ ਪ੍ਰਕਿਰਿਆ ਦੀ ਕੁੱਲ ਜਟਿਲਤਾ ਬਾਰੇ ਜਿੰਨੀ ਘਟ ਸਮਝ ਦਰਸਾਉਂਦਾ ਹੈ, ਉਨਾ ਹੀ ਵਧੇਰੇ ਉਤਸੁਕਤਾ ਨਾਲ ਉਹ ਗਿਣਤੀਆਂ-ਮਿਣਤੀਆਂ ਦੇ ਬਚਕਾਨਾ "ਅਨੁਮਾਨਤ ਨੇਮ" ਦਾ ਸਹਾਰਾ ਲੈਂਦਾ ਹੈ।

4. ਇੱਕ ਪਾਸੇ ਇਸਨੂੰ ਪ੍ਰਵਾਨ ਹੀ ਕੀਤਾ ਜਾ ਸਕਦਾ ਹੈ, ਦੂਜੇ ਪਾਸੇ ਇਸ ਨੂੰ ਸਵੀਕਾਰ ਕਰਨਾ ਜ਼ਰੂਰੀ ਹੈ। ਮ.ਯ. ਸਾਲਤੀਕੋਵ ਸਰੇਕਰਿਨ ਦੀ ਰਚਨਾ " ਪੀਟਰਜ਼ਬਰਗ ਵਿਚ ਵਸਦੇ ਪੇਂਡੂ ਦੀ ਡਾਇਰੀ ਵਿਚੋਂ ਵਿਅੰਗਆਤਮਕ ਪ੍ਰਗਟਾਅ" (1631)

5 "Discours sur le libre echange" (ਵਪਾਰ ਦੀ ਆਜ਼ਾਦੀ ਬਾਰੇ

ਭਾਸ਼ਨ—ਸੰਪਾ:)। ਅਸੀਂ ਜਰਮਨ ਅਨੁਵਾਦ ਦੀ ਵਰਤੋਂ ਕਰਦੇ ਹਾਂ: Rede uber die Frage des Freihandels.

6 Die Lage der arbeitenden Klasse in England (1845)। ਇਹ ਪੁਸਤਕ ਅਨਾਜ ਕਾਨੂੰਨਾਂ ਦੀ ਮਨਸੂਖੀ ਤੋਂ ਪਹਿਲਾਂ (1846) ਠੀਕ ਉਸੇ ਹੀ ਦ੍ਰਿਸਟੀਕੋਣ ਤੋਂ ਲਿਖੀ ਗਈ ਸੀ, ਜਦੋਂ ਕਿ ਇਸ ਪੁਸਤਕ ਵਿਚ ਵਿਚਾਰ ਅਧੀਨ ਆਇਆ ਭਾਸ਼ਣ ਇਹਨਾਂ ਦੀ ਮਨਸੂਖੀ ਤੋਂ ਮਗਰੋਂ ਦਿੱਤਾ ਗਿਆ ਸੀ। ਪਰ ਸਾਡੇ ਲਈ ਸਮੇਂ ਦੇ ਫ਼ਰਕ ਦੀ ਕੋਈ ਅਹਿਮੀਅਤ ਨਹੀਂ: ਦੋਹਾਂ ਲੇਖਕਾਂ ਦੇ ਮਾਮਲੇ ਵਿਚ ਸਮੱਸਿਆ ਦੇ ਤੱਤਾਂ ਦੀ ਪੂਰਨ ਇੱਕਰੂਪਤਾ ਦੇਖਣ ਲਈ, ਸਿਸਮਾਂਦੀ ਵਲੋਂ 1827 ਵਿਚ ਪੇਸ਼ ਕੀਤੀਆਂ ਉਪਰੋਕਤ ਦਲੀਲਾਂ ਦੀ 1848 ਦੇ ਇਸ ਭਾਸ਼ਨ ਨਾਲ ਤੁਲਨਾ ਕਰਨਾ ਹੀ ਕਾਫੀ ਹੈ। ਸਿਸਮਾਂਦੀ ਦੀ ਇਕ ਬਾਦ ਦੇ ਜਰਮਨ ਅਰਥ-ਸ਼ਾਸਤਰੀ ਨਾਲ ਤੁਲਨਾ ਕਰਨ ਦਾ ਵਿਚਾਰ ਅਸੀਂ --- ਤੋਂ ਹੁਦਾਰਾ ਲਿਆ ਸੀ। ਉਸ ਦੀ ਕੀਤੀ ਹੋਈ ਤੁਲਨਾ ਅਜਿਹੀਆਂ ਝਰਨਾਟਾਂ ਛੇੜਨ ਵਾਲੀ ਦਿਲਚਸਪੀ ਪੈਦਾ ਕਰਦੀ ਸੀ ਕਿ ਸ੍ਰੀਮਾਨ ਲਿਪਰਟ ਦੀ ਵਿਆਖਿਆ ਨੇ ਇੱਕਦਮ ਆਪਣੀ ਸਾਰੀ ਹੋਲੋਚਕਤਾ... ਅਰਥਾਤ, "ਵਸਤੂਮੁਖਤਾ" ਗੁਆ ਲਈ, ਅਤੇ ਦਿਲਚਸਪ, ਸਜੀਵ, ਅਤੇ ਸਗੋਂ ਉਤਸੁਕਤਾ ਪੂਰਨ ਬਣ ਗਈ।

7 ਦੇਖੋ --- ਵਿਚੋਂ ਹਾਲ ਵਿਚ ਹੀ ਲੱਭੇ ਮਾਰਕਸ ਦੇ ਲੇਖ।

8 ਕਾ. ਮਾਰਕਸ ਦੇ "ਸਰਮਾਇਆ" ਦੀ ਪਹਿਲੀ ਸੈਂਚੀ ਦੀ ਪਹਿਲੀ ਐਡੀਸ਼ਨ ਲਈ ਭੂਮਿਕਾ।—ਸੰਪਾ:

9 ਇਹ 1867 ਵਿਚ ਲਿਖਿਆ ਸੀ। ਲਗਾਨਾਂ ਵਿਚ ਵਾਧੇ ਦੀ ਵਿਆਖਿਆ ਕਰਨ ਲੱਗਿਆਂ, ਭੋਤਕੀ ਲਗਾਨ ਦੇ ਆਧੁਨਿਕ ਵਿਸ਼ਲੇਸ਼ਣ ਵਲੋਂ ਸਥਾਪਾਤ ਕੀਤੇ ਕਾਨੂੰਨ ਨੂੰ ਸਦਾ ਯਾਦ ਰੱਖਣਾ ਜ਼ਰੂਰੀ ਹੈ, ਅਰਥਾਤ, ਕਿ ਲਗਾਨ ਵਿਚ ਵਾਧਾ ਅਨਾਜ ਦੀ ਕੀਮਤ ਵਿਚ ਕਮੀ ਦੇ ਨਾਲ-ਨਾਲ ਸੰਭਵ ਹੈ। 'ਜਦੋਂ ਇੰਗਲੈਂਡ ਵਿਚ ਅਨਾਜ ਕਰ 1846 ਵਿਚ ਖ਼ਤਮ ਕੀਤੇ ਗਏ ਸਨ, ਅੰਗ੍ਰੇਜ਼ ਕਾਰਖਾਨੇਦਾਰਾਂ ਦਾ ਵਿਸ਼ਵਾਸ ਸੀ ਕਿ ਉਹਨਾਂ ਨੇ ਇਸ ਤਰ੍ਹਾਂ ਕਰਕੇ ਭੂਮੀਗਤ ਅਮੀਰਸ਼ਾਹੀ ਨੂੰ ਕੰਗਾਲ ਬਣਾ ਦਿੱਤਾ ਸੀ। ਇਸ ਦੀ ਬਜਾਏ, ਉਹ ਸਗੋਂ ਪਹਿਲਾਂ ਸਦਾ ਨਾਲੋਂ ਅਮੀਰ ਹੋ ਗਏ। ਇਹ ਕਿਸ ਤਰ੍ਹਾਂ ਹੋਇਆ? ਬਹੁਤ ਸਿੱਧੀ-ਸਾਦੀ ਗੱਲ। ਪਹਿਲੀ ਗੱਲ, ਹੁਣ ਕਿਸਾਨ ਇਕਰਾਰਨਾਮੇ ਦੁਆਰਾ 8 ਪੌਂਡ ਦੀ ਥਾਂ 12 ਪੌਂਡ ਪ੍ਰਤਿ ਏਕੜ ਸਾਲਾਨਾ ਲਾਗਤ ਕਰਨ ਲਈ ਮਜਬੂਰ ਸਨ। ਦੂਜੀ ਗੱਲ, ਜਾਗੀਰਦਾਰਾਂ, ਜਿਨ੍ਹਾਂ ਦੀ ਹੇਠਲੇ ਸਦਨ ਵਿਚ ਵੀ ਬਹੁਤ ਤਕੜੀ ਨੁਮਾਇੰਦਗੀ ਸੀ, ਨਿਕਾਸ ਪ੍ਰੋਜੈਕਟਾਂ ਦੀ ਸਹਾਇਤਾ ਲਈ ਕਿਉਂਕਿ ਅਤਿ ਮਾੜੀ ਜ਼ਮੀਨ ਦੀ ਵੀ ਪੂਰਨ ਸਥਾਨ ਬਦਲੀ ਨਾ ਹੋਈ, ਸਗੋਂ, ਵੱਧ ਤੋਂ ਵੱਧ ਇਹ ਹੋਇਆ ਕਿ ਇਸ ਦੀ ਹੋਰ ਮਨੋਰਥਾਂ ਲਈ ਵਰਤੋਂ ਹੋਈ-ਅਤੇ ਬਹੁਤ ਕਰਕੇ ਕੇਵਲ ਆਰਜ਼ੀ—ਇਸ ਲਈ ਲਗਾਨ ਪੂੰਜੀ ਦੀ ਵਧੀ ਲਾਗਤ ਦੇ ਅਨੁਪਾਤ ਵਿਚ ਵਧੇ ਅਤੇ ਫਲਸਰੂਪ ਭੂਮੀਗਤ ਅਮੀਰਸ਼ਾਹੀ ਪਹਿਲਾਂ ਸਦਾ ਨਾਲੋਂ ਵਧੇਰੇ ਚੰਗੀ ਹਾਲਤ ਵਿਚ ਹੋ ਗਈ।"

ਪਰ ਆਮ ਤੌਰ 'ਤੇ, ਸਾਡੇ ਸਮੇਂ ਦਾ ਰਖਿੱਅਕ ਪ੍ਰਬੰਧ ਪਿਛਾਂਹ-ਖਿੱਚੂ ਹੈ ਜਦ ਕਿ ਸੁਤੰਤਰ ਵਪਾਰ ਦਾ ਪ੍ਰਬੰਧ ਤਬਾਹਕੁੰਨ ਹੈ। ਇਹ ਪੁਰਾਣੀਆਂ ਕੌਮੀਅਤਾਂ ਨੂੰ ਭੰਗ ਕਰ ਦੇਂਦਾ ਹੈ ਅਤੇ ਪਰੋਲਤਾਰੀ ਅਤੇ ਬੁਰਜੂਆਜ਼ੀ ਵਿਚਲੇ ਵਿਰੋਧ ਨੂੰ ਸਿਖਰ ਤੱਕ ਧੱਕ ਕੇ ਲੈ ਜਾਂਦਾ ਹੈ। ਮੂਲ ਮੁੱਦਾ ਕੀ ਕਿ ਸੁਤੰਤਰ ਵਪਾਰ ਦਾ ਪ੍ਰਬੰਧ ਸਮਾਜਕ ਇਨਕਲਾਬ ਨੂੰ ਛੇਤੀ ਲੈ ਆਉਂਦਾ ਹੈ। ਸਿਰਫ਼ ਇਸੇ ਇੱਕ ਇਨਕਲਾਬੀ ਅਰਥ ਵਿੱਚ ਸੱਜਣੋ, ਮੈਂ ਸੁਤੰਤਰ ਵਪਾਰ ਦੇ ਹੱਕ ਵਿੱਚ ਆਪਣੀ ਰਾਏ ਦੇਂਦਾ ਹਾਂ। -ਕਾਰਲ ਮਾਰਕਸ

ਸਿਰਫ ਸੁਤੰਤਰ ਵਪਾਰ ਅਧੀਨ ਹੀ ਭਾਫ, ਬਿਜਲੀ ਅਤੇ ਮਸ਼ੀਨਰੀ ਦੀਆਂ ਅਥਾਹ ਪੈਦਾਵਾਰੀ ਤਾਕਤਾਂ, ਪੂਰਨ ਰੂਪ ਵਿੱਚ ਵਿਕਸਿਤ ਹੋ ਸਕਦੀਆਂ ਹਨ। ਇਸ ਵਿਕਾਸ ਦੀ ਗੱਡੀ ਜਿੰਨੀ ਤੇਜ਼ ਹੋਵੇਗੀ, ਓਨੀ ਹੀ ਜਲਦੀ ਅਤੇ ਵਧੇਰੇ ਪੂਰਨ ਰੂਪ ਵਿੱਚ ਇਸ ਦੇ ਅਟੱਲ ਨਤੀਜੇ ਸਾਹਮਣੇ ਆਉਣਗੇ, ਸਮਾਜ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ, ਇੱਕ ਬੰਨੇ ਪੂੰਜੀਪਤੀ ਅਤੇ ਦੂਸਰੇ ਬੰਨੇ ਉਜਰਤੀ ਮਜ਼ਦੂਰ, ਜੱਦੀ ਪੁਸ਼ਤੀ ਧਨ ਦੌਲਤ ਇੱਕ ਬੰਨੇ, ਜੱਦੀ ਪੁਸ਼ਤੀ ਗਰੀਬੀ ਦੂਸਰੇ ਬੰਨੇ, ਪੂਰਤੀ ਮੰਗ ਤੋਂ ਵਧ ਜਾਂਦੀ ਹੈ, ਬਜ਼ਾਰ ਲਗਾਤਾਰ ਵਧ ਰਹੇ ਉਦਯੋਗਿਕ ਉਤਪਾਦਨ ਨੂੰ ਖਪਾਉਣ ਤੋਂ ਅਸਮਰਥ ਹੋ ਜਾਂਦੇ ਹਨ, ਖ਼ੁਸ਼ਹਾਲੀ, ਵਾਧੂ ਪੈਦਾਵਾਰ, ਸੰਕਟ, ਦਹਿਸ਼ਤ, ਦੀਰਘਕਾਲੀ ਮੰਦੀ ਅਤੇ ਵਪਾਰ ਦੇ ਧੀਮੇ ਮੁੜ ਉਭਾਰ ਦੇ ਹਮੇਸ਼ਾ ਵਾਰ-ਵਾਰ ਪ੍ਰਗਟ ਹੋਣ ਵਾਲੇ ਚੱਕਰ, ਸਥਾਈ ਸੁਧਾਰ ਦਾ ਨਹੀਂ ਬਲਕਿ ਨਵੇਂ ਵਾਧੂ ਪੈਦਾਵਾਰ ਅਤੇ ਸੰਕਟ ਦਾ ਸੰਕੇਤ ਹਨ, ਸੰਖੇਪ ਵਿੱਚ, ਪੈਦਾਵਾਰ ਸ਼ਕਤੀਆਂ ਇਸ ਹੱਦ ਤੱਕ ਵਿਕਸਿਤ ਹੋ ਜਾਂਦੀਆਂ ਹਨ ਕਿ ਉਹ ਅਸਹਿ ਰੋਕਾਂ, ਉਹਨਾਂ ਸਮਾਜਿਕ ਸੰਸਥਾਵਾਂ ਜਿਹਨਾਂ ਅਧੀਨ ਉਹ ਕੰਮ ਕਰ ਰਹੀਆਂ ਹਨ, ਵਿਰੁੱਧ ਬਗਾਵਤ ਕਰ ਦਿੰਦੀਆਂ ਹਨ, ਇਸ ਦਾ ਇਕੋ-ਇਕ ਸੰਭਵ ਹੱਲ ਹੈ, ਇਕ ਸਮਾਜਿਕ ਇਨਕਲਾਬ, ਵੇਲਾ ਵਿਹਾਰ ਚੁੱਕੇ ਸਮਾਜਿਕ ਢਾਂਚੇ ਦੇ ਬੰਧਨਾਂ ਤੋਂ ਸਮਾਜੀ ਪੈਦਾਵਾਰੀ ਤਾਕਤਾਂ ਦਾ ਛੁਟਕਾਰਾ ਅਤੇ ਅਸਲ ਉਤਪਾਦਕ, ਵਿਸ਼ਾਲ ਲੋਕਾਈ ਦਾ ਉਜ਼ਰਤੀ ਗੁਲਾਮੀ ਤੋਂ ਛੁਟਕਾਰਾ। ਉਸ ਆਰਥਿਕ ਮਾਧਿਅਮ ਲਈ ਜਿਸ ਵਿੱਚ ਅਟੱਲ ਸਮਾਜੀ ਇਨਕਲਾਬ ਦੀਆਂ ਹਾਲਤਾਂ ਜਲਦੀ ਤੋਂ ਜਲਦੀ ਨਾਲ ਪੈਦਾ ਹੋਣਗੀਆਂ, ਸੁਤੰਤਰ ਵਪਾਰ ਇੱਕ ਕੁਦਰਤੀ ਅਤੇ ਆਮ ਵਾਤਾਵਰਣ ਹੈ, ਇਸ ਕਾਰਨ ਅਤੇ ਸਿਰਫ ਇਸੇ ਕਾਰਨ, ਮਾਰਕਸ ਨੇ ਸੁਤੰਤਰ ਵਪਾਰ ਦੇ ਹੱਕ ਵਿਚ ਹੋਣ ਦਾ ਐਲਾਨ ਕੀਤਾ। -ਏਂਗਲਜ਼

ਆਜ਼ਾਦ ਵਪਾਰੀਆਂ ਦੀਆਂ ਦਲੀਲਾਂ ਦੀ ਵਿਗਿਆਨਕ ਆਲੋਚਨਾ ਕਰਕੇ ਉਹ (ਮਾਰਕਸ-ਸੰ.) ਉਸ ਗ਼ਲਤੀ ਤੋਂ ਬਚਣ ਦੇ ਯੋਗ ਹੋਇਆ, ਜਿਹੜੀ ਰੋਮਾਂਚਵਾਦੀਆਂ ਨੇ ਆਮ ਕਰਕੇ ਕੀਤੀ ਸੀ ਜਿਹੜੇ, ਇਸ ਗੱਲ ਤੋਂ ਇਨਕਾਰ ਕਰਕੇ ਕਿ ਦਲੀਲਾਂ ਦੀ ਕੋਈ ਮਹੱਤਤਾ ਹੁੰਦੀ ਹੈ, "ਛਿਲਕਿਆਂ ਦੇ ਨਾਲ ਗਿਰੀ ਵੀ ਸੁੱਟ ਦੇਂਦੇ ਹਨ": ਉਹ ਉਹਨਾਂ ਦੀ ਨਿੱਗਰ ਗਿਰੀ ਚੁਗ ਲੈਣ ਦੇ ਯੋਗ ਹੋ ਗਿਆ ਸੀ, ਅਰਥਾਤ, ਓੜਕ ਦੀ ਤਕਨੀਕੀ ਪ੍ਰਗਤੀ ਦਾ ਸੰਦੇਹ-ਰਹਿਤ ਤੱਥ। -ਵੀ. ਆਈ. ਲੈਨਿਨ